ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP TAXI SERVICE — CAR RENTALS & TAXI SERVICE — 24 HOURS DELHI AIRPORT SERVICE

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

# ਪੰਜਾਬ ਗਾਰਡੀਅਨ ਐਬਟਸਫੋਰਡ
# PUNJAB GUARDIAN

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 16 Ending Date: Apr 17, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARANG
604-613-9100

## ਹਿੰਦੂ ਜਥੇਬੰਦੀਆਂ ਵੱਲੋਂ ਕੈਨੇਡਾ ਵਿਚ ਖ਼ਾਲਿਸਤਾਨ ਦੇ ਝੰਡੇ 'ਤੇ ਪਾਬੰਦੀ ਲਾਉਣ ਦੀ ਦਿੱਤੀ ਗਈ ਪਟੀਸ਼ਨ ਦੇ ਵਿਰੋਧ ਵਿੱਚ ਕੈਨੇਡੀਅਨ ਸਿੱਖਾਂ ਵੱਲੋਂ ਭਾਰੀ ਰੋਸ ਮੁਜ਼ਾਹਰਾ

### ਸੀਆਈਏ ਏਜੰਟ ਦੇ ਬਿਆਨ ਉਪਰੰਤ ਏਆਈ 182 ਫਲਾਈਟ ਵਿਚ ਮਾਰੇ ਗਏ 329 ਨਿਰਦੋਸ਼ਾਂ ਦੀ ਮੁੜ ਜਾਂਚ ਦੀ ਉੱਠੀ ਮੰਗ

ਨਵੀਂ ਦਿੱਲੀ:ਹਿੰਦੂ ਕੈਨੇਡੀਅਨ ਫੌਡੇਸ਼ਨ ਵੱਲੋਂ ਫੇਸਬੁੱਕ 'ਤੇ ਕੈਨੇਡਾ ਵਿੱਚ ਖਾਲਿਸਤਾਨ ਦੇ ਝੰਡੇ 'ਤੇ ਪਾਬੰਦੀ ਲਗਾਉਣ ਅਤੇ ਖਾਲਿਸਤਾਨ ਰਿਫਰੈਂਡਮ ਨੂੰ ਬੈਨ ਕਰਨ ਲਈ 100 ਤੋਂ ਵੱਧ ਹਿੰਦੂ ਮੰਦਰਾਂ ਵੱਲੋਂ ਸਾਂਝੀ ਪਟੀਸ਼ਨ ਕੈਨੇਡਾ ਸਰਕਾਰ ਨੂੰ ਦੇਣ ਦੇ ਪ੍ਰਚਾਰ ਤੋਂ ਬਾਅਦ, ਕੈਨੇਡੀਅਨ ਸਿੱਖਾਂ ਵੱਲੋਂ ਸ਼੍ਰੀ ਲਕਸ਼ਮੀ ਨਾਰਾਇਣ ਮੰਦਿਰ, ਸਰੀ ਅਤੇ ਤ੍ਰਿਵੇਨੀ ਮੰਦਿਰ ਬ੍ਰਮਪਟਨ ਦੇ ਬਾਹਰ ਵੱਡੇ ਪ੍ਰਦਰਸ਼ਨ ਕੀਤੇ ਗਏ।ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਖਾਲਿਸਤਾਨੀ ਸਿੱਖਾਂ ਵੱਲੋਂ ਵੱਡੀ ਗਿਣਤੀ ਵਿੱਚ ਇਕੱਠ ਕੀਤਾ ਗਿਆ, ਜਿੱਥੇ ਸਿੱਖ ਨੁਮਾਇੰਦਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। "ਖਾਲਿਸਤਾਨ ਜ਼ਿੰਦਾਬਾਦ","ਕਿਲ ਕਿਲ ਮੋਦੀ ਪੋਲਿਟਿਕਸ" ਅਤੇ " ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਬੰਦ ਕਰੋ ਵਰਗੇ ਨਾਅਰੇ ਲਗਾਏ ਗਏ। ਸਾਰੇ ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿੱਚ ਖਾਲਿਸਤਾਨ ਦੇ ਝੰਡੇ ਸਨ ਅਤੇ ਲਗਭਗ 40 ਫੁੱਟ ਉੱਚਾ ਖਾਲਿਸਤਾਨ ਦਾ ਝੰਡਾ ਵੀ ਲਹਿਰਾਇਆ ਗਿਆ। ਇਹ ਰੈਲੀਆਂ ਕੈਨੇਡਾ ਦੇ ਕਾਨੂੰਨਾਂ ਤਹਿਤ ਸ਼ਾਂਤੀਪੂਰਵਕ ਢੰਗ ਨਾਲ ਹੋਈਆਂ। ਦੋਵੇਂ ਸ਼ਹਿਰਾਂ ਵਿੱਚ ਖਾਲਿਸਤਾਨੀ ਪੱਖੀ ਸਿੱਖਾਂ ਵੱਲੋਂ ਵੱਡੀ



ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ ਅਤੇ ਇਹ ਰੈਲੀਆਂ ਬਹੁਤ ਸਫਲ ਰਹੀਆਂ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਂਬਰ ਭਾਈ ਨਰਿੰਦਰ ਸਿੰਘ ਰੰਧਾਵਾ ਵੱਲੋਂ ਸਾਬਕਾ ਸੀਆਈਏ ਅਧਿਕਾਰੀ ਜੌਨ ਕਿਰੀਆਕੋ ਦੇ ਦਿੱਤੇ ਬਿਆਨ ਉੱਪਰ ਮੰਗ ਕੀਤੀ ਗਈ ਕਿ ਏਅਰ ਇੰਡੀਆ ਜਹਾਜ਼ ਦੇ ਕਰੈਸ਼ ਹੋਣ ਦੀ ਜਾਂਚ ਪੜਤਾਲ ਦੁਬਾਰਾ ਤੋਂ ਸ਼ੁਰੂ ਕੀਤੀ ਜਾਵੇ ਜਿਸ ਵਿੱਚ ਉਹਨਾਂ ਨੇ ਏਅਰ ਇੰਡੀਆ 182 ਫਲਾਈਟ ਜਿਸ ਨੂੰ 1985 ਵਿੱਚ ਬੰਬ ਧਮਾਕੇ ਨਾਲ ਉੜਾ ਦਿੱਤਾ ਗਿਆ ਸੀ, 329 ਬੇਕਸੂਰ ਮੁਸਾਫਰ ਮਾਰੇ ਗਏ ਦਾ ਇਲਜ਼ਾਮ ਸਿੱਧਾ ਭਾਰਤ ਉੱਪਰ ਲਗਾ ਦਿੱਤਾ ਗਿਆ ਹੈ। ਉਨਾਂ ਨੇ ਵਿਦੇਸ਼ਾਂ ਵਿੱਚ ਭਾਈ ਹਰਦੀਪ ਸਿੰਘ ਨਿੱਜਰ ਅਤੇ ਭਾਈ ਅਵਤਾਰ ਸਿੰਘ ਖੰਡੇ ਸਮੇਤ ਹੋਰ ਸਿੱਖ ਨੇਤਾਵਾਂ ਦੇ ਕਤਲ ਵਿਚ ਭਾਰਤੀ ਹੱਥ ਹੋਣ ਦਾ ਦਾਹਵਾ (ਬਾਕੀ ਸਫਾ ਬੀ-4 ਤੇ)

## ਦਲ ਖਾਲਸਾ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਮੰਡ ਵੈਨਕੂਵਰ ਪਹੁੰਚੇ



ਵੈਨਕੂਵਰ:ਦਲ ਖ਼ਾਲਸਾ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਮੰਡ ਸਰੀ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਵੈਨਕੂਵਰ ਇਲਾਕੇ ਦੇ ਦੌਰੇ 'ਤੇ ਆ ਰਹੇ ਹਨ। ਆਪਣੇ ਇਸ ਦੌਰੇ ਦੌਰਾਨ ਉਹ ਵੱਖ-ਵੱਖ ਥਾਵਾਂ 'ਤੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ, ਜਿਸ ਦੀ ਸ਼ੁਰੂਆਤ ਸ਼ਨੀਵਾਰ, 11 ਅਪ੍ਰੈਲ 2026 ਨੂੰ ਸ਼ਾਮ 5:30 ਵਜੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, 31631 ਸਾਊਥ ਫਰੇਜ਼ਰ ਵੇਅ, ਐਬਟਸਫੋਰਡ, ਬੀ.ਸੀ. (31631 South Fraser Way, Abbotsford, BC) ਵਿਖੇ ਹੋਵੇਗੀ। ਇਸ ਵਿਸ਼ੇਸ਼ ਦੀਵਾਨ ਦੌਰਾਨ ਉਹਨਾਂ ਦੀ ਚਰਚਾ ਦਾ ਮੁੱਖ ਵਿਸ਼ਾ "ਖ਼ਾਲਸਾ ਅਤੇ ਖ਼ਾਲਸਾ ਰਾਜ" ਹੋਵੇਗਾ। ਇਸ ਵਿਚਾਰ-ਚਰਚਾ ਰਾਹੀਂ ਉਹ ਖ਼ਾਲਸਾ ਪੰਥ ਦੀ ਰੂਹਾਨੀ ਨੀਂਹ ਅਤੇ ਸਿੱਖ ਰਾਜ ਦੇ ਇਤਿਹਾਸਕ ਸੰਕਲਪ ਬਾਰੇ ਚਾਨਣਾ ਪਾਉਣਗੇ, ਤਾਂ ਜੋ ਅਜੋਕੇ ਸਮੇਂ ਵਿੱਚ ਕੌਮ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਿਆ ਜਾ ਸਕੇ। ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਪ੍ਰੋਗਰਾਮ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਵੋ। ਵਧੇਰੇ ਜਾਣਕਾਰੀ ਲਈ ਇਸ਼ਤਿਹਾਰ ਸਫਾ ਏ-35 ਤੇ ਪੜ੍ਹੋ।

## ਅਕਾਲ ਤਖਤ ਦੇ ਜਥੇਦਾਰ ਦੀ ਨਾਮਧਾਰੀਆਂ ਨੂੰ ਚੇਤਾਵਨੀ



ਅੰਮ੍ਰਿਤਸਰ:ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਮੰਦਭਾਗੇ ਸ਼ਬਦ ਵਾਲੀ ਵਰਤਣ ਵਾਲੇ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦੀਆਂ ਮੁਸ਼ਕਿਲਾਂ ਵਿਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਪਹਿਲਾਂ ਪੰਥ ਦੇ ਵਿਰੋਧ ਕਰਨ ਤੇ ਫਿਰ ਦਮਦਮੀ ਟਕਸਾਲ ਦੇ ਪ੍ਰਬੰਧਕ ਭਾਈ ਅਮਰੀਕ ਸਿੰਘ ਅਜਨਾਲਾ ਵਲੋ ਠਾਕੁਰ ਦਲੀਪ ਸਿੰਘ ਨੂੰ ਖਰੀਆਂ ਖਰੀਆਂ ਸੁਣਾਉਣ ਤੋਂ ਬਾਅਦ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਠਾਕੁਰ ਦਲੀਪ ਸਿੰਘ ਨੂੰ ਪੰਥ ਦੋਖੀ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨਾਲ ਕਰੜੇ ਹੱਥੀ ਨਜਿਠੱਨ ਲਈ ਪੰਜਾਬ ਸਰਕਾਰ ਵਲੋ ਬਣਾਏ ਜਾ ਪ੍ਰਸਤਾਵਿਤ ਕਾਨੂੰਨ ਤੇ ਵਿਚਾਰ ਕਰਨ ਲਈ ਬੁਲਾਈ ਇਕ ਪੰਥਕ ਇਕਤਰਤਾ ਨੂੰ ਸੰਬੋਧਨ ਕਰਦਿਆਂ ਗਿਆਨੀ ਗੜਗੱਜ ਨੇ ਕਿਹਾ ਕਿ 1708 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਆਈ ਦਿੱਤੀ। ਦਸਮੇਸ਼ ਪਾਤਸ਼ਾਹ ਨੇ ਦਸ ਗੁਰੂ ਸਾਹਿਬਾਨ ਦੀ ਜੋਤਿ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰੀ ਠਾਕੁਰ ਦਲੀਪ ਸਿੰਘ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂਆਈ ਨੂੰ ਚੁਣੌਤੀ ਦਿੱਤੀ ਹੈ। ਜਥੇਦਾਰ ਨੇ ਕਿਹਾ ਕਿ ਦਾ ਇਹ ਇਕਠ ਕੋਈ ਵੀ ਵਿਅਕਤੀ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂਆਈ ਨੂੰ ਚਣੌਤੀ ਦੇਵੇਗਾ ਉਸ ਨੂੰ ਪੰਥ ਦੋਖੀ ਕਰਾਰ ਦਿੱਤਾ ਜਾਵੇਗਾ।

Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL®
ਡਾ. ਗੁਰਵਿੰਦਰ ਸਿੰਘ ਧਾਲੀਵਾਲ PERSONAL REAL ESTATE CORPORATION M.A., Ph.D
604-825-1550
gurvindersinghprec@gmail.com
WEBSITE:WWW.GURVINDERSINGHDHALIWAL.COM

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560 (ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

ਗੁਰੂ ਨਾਨਕ ਜ਼ਿਊਲਰਜ਼ ਲਿਮ.
24k & 22k
Gold Jewelry
Lucky Stones
Gemstones
40% OFF
Seiko & Citizen
Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305


FARM AND SPICE
FARM AND SPICE
Weekly Special
Apr 10 - 16
*Special Sampling in Certain Stores*
Baisakhi Special
Sher Desi Style Atta 20 Lbs $ 14.99
ਲੈਟਸ
Head Letuce
Each
$1.99
ਅਦਰਕ
Ginger
Per lb
$1.49
ਲਸਨ
Garlic
1 Kg
$2.99
ਸੇਬ
Apple Red delicious / Fuji Apple
Per lb
$1.49
ਧਨੀਆ
Cilantro
2 for
$1.00
ਸੰਤਰੇ
Mandarin
Per lb
$1.49
ਰੁਸੈਟ ਆਲੂ
Russet Potatoes
10 Lbs
$3.99
ਲਾਲ ਗਾਜਰ
Red Fruit Carrot
Per lb
$0.99
ਸ਼ੇਰ ਦਾਲਾਂ
Sher Kala Chana / Kabuli Chickpeas / Moong Wash
4 Lbs
$4.99
ਵੇਰਕਾ ਦੇਸੀ ਘਿਓ
Verka Desi Ghee
3Kg
$39.99
ਸ਼ੇਰ ਬਾਸਮਤੀ
Sher Pure Long Basmati Rice
10 Lbs
$11.99
ਹੀਰ ਚੀਟੀ / ਭੂਰੀ ਖੰਡ
Heer White/Brown Sugar
8 Lbs
$7.99
ਸਵੇਰਾ ਪਨੀਰ
Savera Paneer
341 gms
$4.49
ਸ਼ੇਰ ਬੇਸਨ
Sher Besan
4 Lbs
$4.99
ਵਿਦਿਆ ਗੋਲਗਪੇ
Vidhya Golgappa
290 gms
$5.99
ਟਾਟਾ ਗੋਲਡ ਚਾਹ
Tata Tea Gold
450 gms
$6.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਭਾਜਪਾ ਮੁਸਲਮਾਨਾਂ ਨਹੀਂ, ਘੁਸਪੈਠੀਆਂ ਦੇ ਖ਼ਿਲਾਫ਼ ਹੈ:ਨਿਤਿਨ ਗਡਕਰੀ

ਬੰਗਾਲ:-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਅਸਾਮ ਤੇ ਪੱਛਮੀ ਬੰਗਾਲ 'ਚ ਪਾਰਟੀ ਦੀਆਂ ਚੋਣ ਸੰਭਾਵਨਾਵਾਂ 'ਤੇ ਭਰੋਸਾ ਜ਼ਾਹਰ ਕਰਦਿਆਂ ਕਿਹਾ ਕਿ ਭਾਜਪਾ ਘੁਸਪੈਠੀਆਂ ਦਾ ਵਿਰੋਧ ਕਰਦੀ ਹੈ ਨਾ ਕਿ ਮੁਸਲਮਾਨਾਂ ਖ਼ਿਲਾਫ਼ ਹੈ। ਅਸਾਮ ਵਿਧਾਨ ਸਭਾ ਚੋਣਾਂ ਨੌਂ ਅਪਰੈਲ ਨੂੰ ਹੋਣੀਆਂ ਹਨ ਅਤੇ ਪੱਛਮੀ ਬੰਗਾਲ 'ਚ 23 ਤੇ 29 ਅਪਰੈਲ ਨੂੰ ਦੋ ਗੇੜਾਂ 'ਚ ਵੋਟਾਂ ਪੈਣਗੀਆਂ।

ਵੋਟਾਂ ਦੀ ਗਿਣਤੀ ਚਾਰ ਮਈ ਨੂੰ ਹੋਵੇਗੀ।ਸ੍ਰੀ ਗਡਕਰੀ ਨੇ ਪੀ ਟੀ ਆਈ ਨੂੰ ਦਿੱਤੀ ਇੰਟਰਵਿਊ 'ਚ ਕਿਹਾ, ਮੈਨੂੰ ਪੂਰਾ ਭਰੋਸਾ ਹੈ ਕਿ ਅਸੀਂ ਅਸਾਮ ਤੇ ਪੱਛਮੀ ਬੰਗਾਲ ਦੋਵਾਂ ਚ ਜਿੱਤਾਂਗੇ।

ਭਾਜਪਾ ਦੀ ਨੀਤੀ ਹੈ ਕਿ ਧਾਰਮਿਕ ਪਛਾਣ ਤੋਂ ਅਗਾਂਹ ਜਾ ਕੇ ਸਾਰਿਆਂ ਨੂੰ ਨਾਲ ਲੈ ਕੇ ਚੱਲਿਆ ਜਾਵੇ। ਅਸੀਂ ਘੁਸਪੈਠੀਆਂ ਖ਼ਿਲਾਫ਼ ਹਾਂ, ਮੁਸਲਮਾਨਾਂ ਦੇ ਨਹੀਂ।

# ਅਫਗਾਨਿਸਤਾਨ ਅਤੇ ਪਾਕਿਸਤਾਨ ਦੀ ਲੜਾਈ ਖਤਮ ਕਰਨ ਲਈ ਚੀਨ ਵਿੱਚ ਹੋਈ ਗੱਲਬਾਤ

ਕਾਬੁਲ- ਅਫਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਵਾਂ ਗੁਆਂਢੀਆਂ ਵਿਚਕਾਰ ਸਰਹੱਦ ਪਾਰ ਲੜਾਈ ਨੂੰ ਰੋਕਣ ਲਈ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚਕਾਰ ਚੀਨ ਵਿੱਚ ਹੋਈ ਸ਼ਾਂਤੀ ਵਾਰਤਾ ਰਚਨਾਤਮਕ ਰਹੀ ਹੈ।ਫਰਵਰੀ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸ਼ੁਰੂ ਹੋਏ ਸੰਘਰਸ਼ ਨੂੰ ਰੋਕਣ ਦੀ ਕੋਸ਼ਿਸ਼ ਵਿੱਚ, ਜਿਸ ਵਿੱਚ ਸੈਂਕੜੇ ਲੋਕ ਮਾਰੇ ਗਏ ਸਨ, ਚੀਨ ਦੇ ਸੱਦੇ 'ਤੇ ਪਿਛਲੇ ਹਫ਼ਤੇ ਪੱਛਮੀ ਚੀਨੀ ਸ਼ਹਿਰ ਉਰੂਮਕੀ ਵਿੱਚ ਗੱਲਬਾਤ ਸ਼ੁਰੂ ਹੋਈ ਸੀ। ਪਾਕਿਸਤਾਨ, ਜਿਸਨੇ ਐਲਾਨ ਕੀਤਾ ਸੀ ਕਿ ਇਹ ਆਪਣੇ ਗੁਆਂਢੀ ਨਾਲ "ਖੁੱਲ੍ਹੇ ਯੁੱਧ" ਵਿੱਚ ਹੈ, ਨੇ ਰਾਜਧਾਨੀ ਕਾਬੁਲ ਸਮੇਤ ਅਫਗਾਨਿਸਤਾਨ ਦੇ ਅੰਦਰ ਵੀ ਹਵਾਈ ਹਮਲੇ ਕੀਤੇ ਹਨ।ਅਫਗਾਨਿਸਤਾਨ ਵਿੱਚ ਮਨੁੱਖੀ ਮਾਮਲਿਆਂ ਦੇ ਤਾਲਮੇਲ ਲਈ ਸੰਯੁਕਤ ਰਾਸ਼ਟਰ ਦੇ ਦਫਤਰ ਨੇ ਕਿਹਾ ਕਿ ਸੰਘਰਸ਼ ਨੇ ਕੁੱਲ 94,000 ਲੋਕਾਂ ਨੂੰ ਬੇਘਰ ਕਰ ਦਿੱਤਾ ਹੈ, ਜਦੋਂ ਕਿ ਸਰਹੱਦ ਦੇ ਨੇੜੇ ਦੋ ਅਫਗਾਨ ਜ਼ਿਲ੍ਹਿਆਂ ਵਿੱਚ 100,000 ਲੋਕ ਫਰਵਰੀ ਤੋਂ ਲੜਾਈ ਕਾਰਨ ਪੂਰੀ ਤਰ੍ਹਾਂ ਕੱਟੇ ਗਏ ਹਨ।ਇਸ ਟਕਰਾਅ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਚਿੰਤਤ ਕਰ ਦਿੱਤਾ ਹੈ, ਖਾਸ ਕਰਕੇ ਕਿਉਂਕਿ ਇਹ ਖੇਤਰ ਇੱਕ ਅਜਿਹਾ ਖੇਤਰ ਹੈ ਜਿੱਥੇ ਅਲ-ਕਾਇਦਾ ਅਤੇ ਇਸਲਾਮਿਕ ਸਟੇਟ ਸਮੂਹ ਸਮੇਤ ਹੋਰ ਅੱਤਵਾਦੀ ਸੰਗਠਨਾਂ ਦੀ ਅਜੇ ਵੀ ਇਸ ਖੇਤਰ ਵਿੱਚ ਮੌਜੂਦਗੀ ਹੈ।

# ਅਕਾਲੀ ਆਗੂ ਆਦਤਨ ਅਪਰਾਧੀ:ਮਾਨ

ਪਟਿਆਲਾ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਨਤਕ ਰੈਲੀ ਵਿੱਚ ਬਿਜਲੀ ਚੋਰੀ ਕਰਦੇ ਫੜੇ ਗਏ ਅਕਾਲੀ ਆਗੂਆਂ ਨੇ ਪੰਜਾਬ ਨੂੰ ਲੁੱਟਣ ਦੀ ਆਪਣੀ ਆਦਤ ਅਜੇ ਤੱਕ ਨਹੀਂ ਛੱਡੀ ਹੈ। ਉਨ੍ਹਾ ਚੇਤਾਵਨੀ ਦਿੱਤੀ ਕਿ ਜੇ ਸੱਤਾ ਤੋਂ ਬਾਹਰ ਹੋ ਕੇ ਵੀ ਉਹ ਅਜਿਹੀਆਂ ਘਟੀਆ ਕਾਰਵਾਈਆਂ ਕਰ ਰਹੇ ਹਨ ਤਾਂ ਫਿਰ ਸੱਤਾ 'ਚ ਆ ਕੇ ਤਾਂ ਉਹ ਜੋ ਨੁਕਸਾਨ ਪੰਜਾਬ ਨੂੰ ਪਹੁੰਚਾਉਣਗੇ, ਉਸ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ, ਜੋ ਗੰਭੀਰ ਸ਼ੰਕੇ ਖੜ੍ਹੇ ਕਰਦਾ ਹੈ। ਅਕਾਲੀਆਂ ਨੂੰ ਆਦਤਨ ਅਪਰਾਧੀ ਆਖਦਿਆਂ ਜਿਨ੍ਹਾਂ ਪਹਿਲਾਂ ਰੇਤਾ ਅਤੇ ਬੱਸਾਂ ਲੁੱਟੀਆਂ ਅਤੇ ਹੁਣ ਬਿਜਲੀ ਚੋਰੀ ਤੱਕ ਆ ਗਏ ਹਨ, ਉਨ੍ਹਾ ਕਿਹਾ ਕਿ ਅਜਿਹਾ ਘਟੀਆ ਵਿਹਾਰ ਸਰਕਾਰੀ ਸਰੋਤਾਂ ਦਾ ਸ਼ੋਸ਼ਣ ਕਰਨ ਦੀ ਉਨ੍ਹਾਂ ਦੀ ਦ੍ਰਿੜ੍ਹ ਮਾਨਸਿਕਤਾ ਨੂੰ ਦਰਸਾਉਂਦਾ ਹੈ।

# ਕੈਨੇਡਾ 'ਚ ਜਬਰਨ ਵਸੂਲੀ ਦੇ ਮਾਮਲੇ 'ਚ ਪੰਜਾਬੀ ਗ੍ਰਿਫ਼ਤਾਰ

## ਕੈਲਗਰੀ ਪੁਲਿਸ ਨੇ ਰਾਣਾ ਚੀਮਾ ਨੂੰ ਕੀਤਾ ਗ੍ਰਿਫ਼ਤਾਰ



ਕੈਲਗਰੀ: ਕੈਲਗਰੀ ਪੁਲਿਸ ਨੇ ਸਾਊਥ ਏਸ਼ੀਅਨ ਭਾਈਚਾਰੇ ਵਿਰੁਧ ਵਾਪਰ ਰਹੇ ਜਬਰੀ ਵਸੂਲੀ ਦੇ ਮਾਮਲਿਆਂ ਵਿਚ ਪਹਿਲੀ ਗ੍ਰਿਫ਼ਤਾਰੀ ਕੀਤੀ ਹੈ। 45 ਸਾਲਾਂ ਦੇ ਰਾਣਾ ਚੀਮਾ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਜਬਰਨ ਵਸੂਲੀ ਅਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਦੇ ਮੁਤਾਬਕ, ਇਹ ਮਾਮਲੇ 4 ਮਾਰਚ ਤੋਂ 22 ਮਾਰਚ ਦਰਮਿਆਨ ਵਾਪਰੇ। ਇਨ੍ਹਾਂ 'ਚ ਘਰ 'ਤੇ ਗੋਲੀਬਾਰੀ, ਕਈ ਥਾਵਾਂ 'ਤੇ ਭੰਨਤੋੜ, ਲੋਕਾਂ ਨੂੰ ਡਰਾਉਣਾ-ਧਮਕਾਉਣਾ ਅਤੇ ਕੈਲਗਰੀ ਤੋਂ ਬਾਹਰ ਦੋ ਡੇਅਕੇਅਰਾਂ 'ਤੇ ਵੀ ਭੰਨਤੋੜ ਦੇ ਮਾਮਲੇ ਸ਼ਾਮਲ ਹਨ। ਇਹ ਸਾਰੇ ਕਾਰੇ ਵੱਡੀ ਰਕਮ ਦੀ ਮੰਗ ਕਰਨ ਅਤੇ ਕਾਰੋਬਾਰਾਂ 'ਤੇ ਕਬਜ਼ਾ ਲੈਣ ਲਈ ਕੀਤੇ ਗਏ ਸਨ। ਸੁਪਰਡੈਂਟ ਜੈਫ਼ ਬੈਲ ਨੇ ਕਿਹਾ, ਇਹ ਅਪਰਾਧ ਸਿਰਫ਼ ਇਕ ਵਿਅਕਤੀ ਨੂੰ ਨਹੀਂ, ਸਗੋਂ ਪਰਿਵਾਰਾਂ, ਆਂਡ-ਗੁਆਂਢ ਅਤੇ ਪੂਰੇ ਭਾਈਚਾਰੇ ਨੂੰ ਡਰਾਉਣ ਲਈ ਕੀਤੇ ਜਾਂਦੇ ਹਨ। ਉਨ੍ਹਾਂ ਨੇ ਦੱਸਿਆ ਕਿ 2 ਡੇਅਕੇਅਰਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਸੀ, ਪਰ ਹੋਰ ਡੇਅਕੇਅਰਾਂ ਲਈ ਕੋਈ ਖ਼ਤਰਾ ਨਹੀਂ ਹੈ। ਇਹ ਭੰਨਤੋੜ ਉਸ ਸਮੇਂ ਕੀਤੀ ਗਈ ਜਦੋਂ ਉੱਥੇ ਬੱਚੇ ਮੌਜੂਦ ਨਹੀਂ ਸਨ। ਪੁਲਿਸ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ 4 ਮਾਰਚ ਨੂੰ ਮਾਰਟਿਨਡੇਲ ਬੁਲੇਵਾਰਡ ਨੌਰਥ-ਈਸਟ ਵਿਚ ਇਕ ਘਰ 'ਤੇ ਹੋਈ ਗੋਲੀਬਾਰੀ ਇਸੇ ਜਾਂਚ ਨਾਲ ਜੁੜੀ ਹੋਈ ਹੈ, ਹਾਲਾਂਕਿ ਪਹਿਲਾਂ ਪੁਲਿਸ ਨੇ ਕਿਹਾ ਸੀ ਕਿ ਇਸ ਦਾ ਜਬਰਨ ਵਸੂਲੀ ਨਾਲ ਕੋਈ ਸਬੰਧ ਨਹੀਂ।













# ਕੀ ਇਹ ਹੈ ਪੰਜਾਬ ਅਤੇ ਸਿੱਖਾਂ ਦਾ ਇਤਿਹਾਸ?

**ਪ੍ਰੋ. ਸਰਬਜੀਤ ਸਿੰਘ ਧੂੰਦਾ**

ਸਮੇਂ ਸਮੇਂ ਤੇ ਸਿੱਖੀ ਦੇ ਪ੍ਰਚਾਰ ਲਈ ਅਨੇਕਾਂ ਮਾਧਮਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਜਿੰਨਾਂ ਵਿੱਚ ਗੁਰਦੁਆਰਿਆਂ ਦੀ ਕਥਾ, ਕੀਰਤਨ, ਸਕੂਲਾਂ ਦੀਆਂ ਕਲਾਸਾਂ, ਮੈਗਜੀਨਾਂ, ਅਖਬਾਰਾਂ, ਆਦਿ ਸ਼ਾਮਲ ਹਨ।

ਪਰ ਅਜੋਕੇ ਸਮੇ ਵਿੱਚ ਮੀਡੀਏ ਦਾ ਪ੍ਰਚਾਰ ਬਹੁਤ ਤੇਜ ਅਤੇ ਅਸਰਦਾਰ ਸਾਬਤ ਹੋ ਰਿਹਾ ਹੈ। ਜਿਥੇ ਦੂਜੇ ਮੱਤਾਂ ਨੇ ਆਪਣੇ-ਆਪਣੇ ਮੱਤ ਦੇ ਵਾਧੇ ਲਈ ਮੀਡੀਏ ਦੀ ਵਰਤੋਂ ਕੀਤੀ ਹੈ ਉਥੇ ਦੂਜੀ ਤਰਫ ਸਿੱਖਾਂ ਦੇ ਰੂਪ ਵਿੱਚ ਕੁੱਝ ਬਹਿਰੂਪੀਏ ਸਿੱਖਾਂ ਨੇ ਵੀ ਇਸ ਰਾਹੀਂ ਸਿੱਖੀ ਸਿਧਾਂਤ ਸਭਿਆਚਾਰ ਅਤੇ ਇਤਿਹਾਸ ਨੂੰ ਵਿਗਾੜਣ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ। ਪੰਜਾਬ ਨੂੰ ਨਸ਼ੇੜੀ ਬਣਾਉਣ ਵਿੱਚ ਜਿਥੇ ਸਿਆਸੀ ਅਤੇ ਧਾਰਮਿਕ ਆਗਆਂ ਨੇ ਰੋਲ ਅਦਾ ਕੀਤਾ ਹੈ। ਉਥੇ ਪੰਜਾਬ ਦੇ ਕਈ ਉੱਘੇ ਗਾਈਕਾਂ ਨੇ ਵੀ ਆਪਣੀ ਗਾਈਕੀ ਰਾਹੀਂ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚ ਸੁੱਟਣ ਲਈ ਆਪਣਾਂ ਵਡੱਮੁਲਾ ਯੋਗਦਾਨ ਪਾਇਆ ਹੈ। ਆਪਣਾਂ ਪੰਜਾਬ ਹੋਵੇ ਘਰ ਦੀ ਸ਼ਰਾਬ ਹੋਵੇ ਜਾਂ ਅਸੀ ਬੰਦੇ ਵੀ ਦੇਸੀ ਹਾਂ ਤੇ ਪੀਂਦੇ ਵੀ ਦੇਸੀ ਹਾਂ ਵਰਗੇ ਗਾਣੇ ਗਾ-ਗਾ-ਕੇ ਗੁਰੂਆਂ ਦੇ ਇਸ ਪੰਜਾਬ ਨੂੰ ਨਸ਼ੇੜੀ ਪੰਜਾਬ ਬਣਾ ਦਿੱਤਾ ਹੈ।

ਜਿਸ ਧਰਤੀ ਤੇ ਗੁਰੂ ਨਾਨਕ ਸਾਹਿਬ ਜੀ ਵਰਗੇ ਸੂਰਬੀਰ, ਯੋਧੇ ਗੁਰੂ ਨੇ ਜਨਮ ਲਿਆ ਹੋਵੇ ਅਤੇ ਜਿਸ ਦੀ ਸੱਚੀ ਤੇ ਸੁੱਚੀ ਵੀਚਾਰਧਾਰਾ ਨੇ ਮਨੁਖਤਾ ਅੰਦਰ ਨਵੀਂ ਰੂ ਫੂਕ ਕੇ ਐਸੇ ਮਰਜੀਵੜੇ ਤਿਆਰ ਕੀਤੇ ਹੋਣ ਜਿਹੜੇ ਗੁਰੂ ਜੀ ਦੇ ਇੱਕ ਇਸ਼ਾਰੇ ਤੇ ਆਪਣੀਆਂ ਕੀਮਤੀ ਜਿੰਦਗੀਆਂ ਵਾਰ ਦੇਣ।ਪਰ ਐਸੇ ਮਰਜੀਵੜ੍ਹਿਆਂ ਨੂੰ ਕੁਝਕੁ ਲਿਖਾਰੀਆਂ ਅਤੇ ਗਾਈਕਾਂ ਵਲੋਂ ਗੁਰੂ ਕੋਲੋਂ ਭਗੌੜੇ ਦਰਸਾਇਆ ਹੈ। ਅਖੇ ਉਹ ਭੁੱਖ ਨਹੀ ਜਰ ਸਕੇ ਇਸ ਲਈ ਉਹਨ੍ਹਾਂ ਨੇ ਗੁਰੂ ਨੂੰ ਬੇਦਾਵਾ ਲਿਖ ਕੇ ਦੇ ਦਿੱਤਾ ਕਿ ਨਾਂ ਤੁਸੀ ਸਾਡੇ ਗੁਰੂ ਤੇ ਨਾਂ ਅਸੀ ਤੇਰੇ ਸਿੱਖ।

ਅਤੇ ਇਸ ਮਨਘੜਤ ਇਤਿਹਾਸ ਦੇ ਗਾਣੇ ਬਣ ਗਏ ਪਾ ਲਉ ਚੂੜੀਆਂ ਤੇ ਬਣ ਜਉ ਜਨਾਨੀਆਂ, ਔਖੇ ਵੇਲੇ ਆ ਗਏ ਭੱਜ ਕੇ ਵਰਗਾ ਬੇ ਸਿਧਾਂਤਕ ਗਾਣਾ ਲਿਖਿਆ ਗਿਆ ਅਤੇ ਗਾਇਆ ਗਿਆ ਇਹਨ੍ਹਾਂ ਨੂੰ ਚਾਹੀਦਾ ਹੈ ਇਹੋ ਜਿਹੇ ਗੀਤ ਲਿਖਣ ਅਤੇ ਗਾਉਣ ਤੋਂ ਪਹਿਲਾਂ ਸਿੱਖਾਂ ਦਾ ਪੁਰਾਤਨ ਇਤਿਹਾਸ ਜਰੂਰ ਪੜ੍ਹ ਲੈਣ ਹੈ ਤਾਂ ਕਿ ਸਿਖਾਂ ਦੇ ਗੌਰਵਮਈ ਇਤਿਹਾਸ ਬਾਰੇ ਪਤਾ ਲਗ ਸਕੇ। ਇਹੋ ਜਿਹੇ ਗਾਣੇ ਗਾਉਣ ਅਤੇ ਲਿਖਣ ਵਾਲਿਆਂ ਨੂੰ ਸਾਡੀ ਇੱਕ ਅਪੀਲ ਹੈ ਜਿੰਨਾਂ ਸਿੱਖਾਂ ਬਾਰੇ ਤੁਸੀ ਇਸ ਤਰਾਂ ਦੇ ਗਾਣੇ ਲਿਖਦੇ ਅਤੇ ਗਾਉਦੇ ਹੋ ਉਹ ਸਿੱਖ ਅਜੋਕੇ ਲੀਡਰਾਂ, ਅਖੌਤੀ ਧਾਰਮਿਕ ਆਗੂਆਂ ਅਤੇ ਤੁਹਾਡੇ ਵਰਗੇ ਬਹਿਰੂਪੀਏ ਨਹੀ ਹੋਣਗੇ ਜਿਹੜ੍ਹੇ ਚਾਰ ਛਿਲੜਾਂ ਦੇ ਕਰਕੇ ਅਤੇ ਪੇਟ ਦੀ ਭੁਖ ਦੇ ਕਾਰਣ ਆਪਣੇ ਗੁਰੂ ਦਾ ਸਾਥ ਛੱਡ ਦੇਣ। ਤੁਹਾਡੇ ਕੋਲੋਂ ਤਾਂ ਕੁੱਝ ਪੈਸਿਆਂ ਦੇ ਬਦਲੇ ਜਿਸ ਦੀ ਮਰਜੀ ਉਸਤਤ ਕਰਵਾ ਲਉ ਤੁਹਾਡੇ ਵਰਗੇ ਗਾਈਕ ਤਾਂ ਆਪਣੀ ਜ਼ਬਾਨ ਨਾਲ ਮਾਤਾ ਦੀਆਂ ਭੇਟਾ ਵੀ ਗਾਅ ਲੈਂਦੇ ਤੇ ਗੁਰੂ ਦੀ ਮਹਿਮਾ ਵੀ ਕਰ ਲੈਂਦੇ ਹਨ। ਅਤੇ ਸ਼ਰਮ ਵਾਲੀ ਗੱਲ ਤਾਂ ਇਹ ਹੈ ਕੇ ਜਦੋਂ ਇਹ ਗਾਣਾ ਗਾਇਆ ਜਾ ਰਿਹਾ ਸੀ ਤਾਂ ਉਸ ਐਲਬਮ ਵਿੱਚ ਕੁੱਝ ਸਿੱਖੀ ਸਰੂਪ ਵਾਲੇ ਨੌਜਵਾਨ ਦੀਆਂ ਲੰਮੀਆਂ-ਲੰਮੀਆਂ ਦਾੜ੍ਹੀਆਂ ਵੱਲ ਹੱਥ ਕਰਕੇ ਗਾਈਕਾ ਕਹਿ ਰਹੀ ਸੀ ਪਾ ਲਉ ਚੂੜੀਆਂ ਤੇ ਬਣ ਜਉ ਜਨਾਨੀਆਂ ਔਖੇ ਵੇਲੇ ਆ ਗਏ ਭੱਜ ਕੇ ਤੇ ਇਹ ਨੌਜਵਾਨ ਚਾਰ ਛਿੱਲੜਾਂ ਦੇ ਕਾਰਣ ਅਗੋਂ ਦੰਦੀਆਂ ਕੱਢ ਰਹੇ ਸਨ। ਤੇ ਦੂਜੀ ਸ਼ਰਮ ਵਾਲੀ ਗੱਲ ਇਹ ਹੈ ਕਿ ਇਹ ਗਾਣਾ ਸਾਡਿਆਂ ਘਰਾਂ, ਕਾਰਾਂ ਤੇ ਨਗਰ ਕੀਰਤਨਾਂ ਵਿੱਚ ਕੰਨ ਪਾੜਵੀਂ ਅਵਾਜ ਵਿੱਚ ਸਾਨੂੰ ਸੁਣਾਇਆ ਜਾਂਦਾ ਹੈ। ਜਰਾਂ ਸੋਚਣਾਂ ਇਹੋ ਜਿਹੇ ਗਾਣਿਆਂ ਤੋਂ ਸਾਡਾ ਅਜੋਕਾ ਨੌਜਵਾਨ ਕੀ ਸਿਖਿਆ ਲਵੇਗਾ?



ਇਹੋ ਜਿਹੇ ਗਾਈਕਾਂ ਤੋਂ ਬਿਨਾਂ ਹੋਰ ਵੀ ਸਾਡੇ ਸਮਾਜ ਅੰਦਰ ਕਈ ਢਾਢੀ, ਕਵੀਸ਼ਰ, ਜੋ ਮਸਾਲੇ ਲਾ-ਲਾ ਕੇ ਭੋਲੀ ਭਾਲੀ ਸੰਗਤਾਂ ਨੂੰ ਮਰਜੀਵੜੇ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਭੁਲਾ ਕਿ ਉਹੁਨਾਂ ਨੂੰ ਗੁਰੂ ਤੋਂ ਬੇਮੁਖ ਦਰਸਾਅ ਕੇ ਬੇਦਾਵੇ ਵਾਲੀ ਘਟਨਾਂ ਸੁਣਾਉਦੇ ਹਨ ਅਤੇ ਆਪਣੀਆਂ ਜੇਬਾਂ ਗਰਮ ਕਰਦੇ ਹਨ।ਬੰਦਾ ਸਿੰਘ ਬਹਾਦਰ ਜੀ ਵਰਗਾ ਮਹਾਨ ਗੁਰ ਸਿੱਖ ਜਿਹੁੜਾ ਕੁਝਕੁ ਦਿਨ ਹੀ ਗੁਰੂ ਜੀ ਦੇ ਕੋਲ ਰਿਹਾ ਤੇ ਗੁਰੂ ਜੀ ਦੀ ਸਿਖਿਆ ਦਾ ਅਜਿਹਾ ਅਸਰ ਹੋਇਆ ਕਿ ਉਹ ਯੋਧਾ ਆਪਣੇ ਬੱਚੇ ਦਾ ਦਿਲ ਆਪਣੇ ਮੂੰਹ ਵਿੱਚ ਤਾਂ ਪਵਾ ਗਿਆ ਪਰ ਉਸ ਨੇ ਸਿੱਖੀ ਅਸੂਲਾਂ ਨਾਲ ਸਮਝੌਤਾ ਨਹੀ ਕੀਤਾ। ਇਸ ਤੋਂ ਇਲਾਵਾ ਸਿੰਘਣੀਆਂ ਨੇ ਮੀਰ ਮੰਨੂ ਦੀ ਜੇਲ ਵਿੱਚ ਖੰਨੀ ਖੰਨੀ ਰੋਟੀ ਖਾ ਕੇ ਗੁਜਾਰਾ ਕੀਤਾ ਅਤੇ ਆਪਣਿਆਂ ਬੱਚਿਆਂ ਦੇ ਟੁੱਕੜੇ ਤਾਂ ਝੋਲੀਆਂ ਵਿੱਚ ਪਵਾ ਲਏ ਪਰ ਉਹ ਮਹਾਨ ਬੀਬੀਆਂ ਗੁਰੂ ਜੀ ਤੋਂ ਬੇਮੂਖ ਨਹੀ ਹੋਈਆਂ। ਸਿੱਖ ਕੌਮ ਤੇ ਬਹੁਤ ਕਸ਼ਟ ਵਾਲੇ ਸਮੇਂ ਵੀ ਆਏ ਸਿੱਖਾਂ ਨੂੰ ਜੰਗਲਾਂ ਵਿੱਚ ਰਹਿਣਾਂ ਪਿਆ ਛੱਪੜਾਂ ਦਾ ਪਾਣੀ ਪੀਕੇ ਦਰਖਤਾਂ ਦੇ ਸੁੱਕੇ ਪੱਤੇ ਖਾਕੇ ਗੁਜਾਰਾ ਕੀਤਾ ਪਰ ਕਿਸੇ ਵੀ ਸਿੱਖ ਨੇ ਸਿੱਖੀ ਅਸੂਲਾਂ ਨੂੰ ਨਹੀ ਤਿਆਗਿਆ। ਇਸ ਤੋਂ ਇਲਾਵਾ ਵੀ ਜਿਵੇਂ ਛੋਟਾ ਘੱਲੂਘਾਰਾ ਵੱਡਾ ਘਲੂਘਾਰਾ ਜਿੰਨ੍ਹਾਂ ਵਿੱਚ ਹਜਾਰਾਂ ਸਿੱਖਾਂ ਨੇ ਸਹੀਦੀ ਜਾਮ ਪੀਤੇ ਪਰ ਕਿਸੇ ਵੀ ਸਿੱਖ ਨੇ ਗੁਰੂ ਤੋਂ ਬੇਮੁਖ ਹੋ ਕੇ ਜੀਵਨ ਨਹੀ ਗੁਜਾਰਿਆ।

ਗੁਰੂ ਜੀ ਦੇ ਪਾਵਨ ਇਤਿਹਾਸ ਨੂੰ ਗੰਦਲਾ ਕਰਨ ਵਾਲੇ ਇਹੋ ਜਿਹੇ ਲਿਖਾਰੀਆਂ ਅਤੇ ਗਾਈਕਾਂ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਗੁਰੂ ਦੇ ਪਿਆਰੇ ਸਿਖੋ ਤੁਹਾਡੇ ਅੱਗੇ ਅਰਜ਼ ਹੈ ਕਿ ਖੁਦ ਗੁਰਬਾਣੀ ਦੀ ਰੌਸ਼ਨੀ ਵਿੱਚ ਇਤਿਹਾਸ ਪੜ੍ਹਣ ਦੀ ਆਦਤ ਪਾਈਏ ਤਾਂ ਕੇ ਕੋਈ ਵੀ ਕੱਚਾ ਪਿੱਲਾ ਇਤਿਹਾਸ ਸੁਣਾਕੇ ਸਾਨੂੰ ਗੁਮਰਾਹ ਨਾਂ ਕਰ ਸਕੇ।

## ਮਨੀਪੁਰ ’ਚ ਮੁੜ ਹਿੰਸਾ ਭੜਕੀ, ਬੰਬ ਧਮਾਕੇ ਨਾਲ ਦੋ ਬੱਚਿਆਂ ਦੀ ਮੌਤ ਮਗਰੋਂ ਤੋੜਭੰਨ ਅਤੇ ਸਾੜਫੂਕ

ਇੰਫਾਲ: ਮਨੀਪੁਰ ਦੇ ਬਿਸ਼ਨੁਪੁਰ ਜ਼ਿਲ੍ਹੇ ਦੇ ਮੋਇਰੰਗ ਤ੍ਰੋਂਗਲੋਬੀ ਇਲਾਕੇ ਵਿਚ ਇਕ ਘਰ ’ਤੇ ਬੰਬ ਹਮਲੇ ਵਿਚ ਦੋ ਨਿੱਕੇ ਬੱਚਿਆਂ ਦੀ ਮੌਤ ਹੋ ਗਈ, ਜਦਕਿ ਉਨ੍ਹਾਂ ਦੀ ਮਾਂ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ। ਪੁਲਿਸ ਅਧਿਕਾਰੀਆਂ ਮੁਤਾਬਕ, ਸ਼ੱਕੀਆਂ ਨੇ ਰਾਤ 1 ਵਜੇ ਘਰ ’ਤੇ ਬੰਬ ਸੁੱਟਿਆ, ਜਿਸ ਨਾਲ 5 ਸਾਲ ਦਾ ਮੁੰਡਾ ਅਤੇ 6 ਮਹੀਨੇ ਦੀ ਕੁੜੀ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਇਲਾਕੇ ਵਿਚ ਲੋਕਾਂ ਨੇ ਭਾਰੀ ਰੋਸ ਪ੍ਰਗਟਾਇਆ। ਗ੍ਰਹਿ ਮੰਤਰੀ ਗੋਵਿੰਦਾਸ ਕੋਂਥੋਜਾਮ ਨੇ ਕਿਹਾ ਕਿ ਬਿਸ਼ਨੁਪੁਰ ’ਚ ਭੀੜ ਵਲੋਂ ਇਕ ਸੀ.ਆਰ.ਪੀ.ਐਫ਼. ਕੈਂਪ ’ਤੇ ਹਮਲੇ ਮਗਰੋਂ ਗੋਲੀਬਾਰੀ ’ਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਪੰਜ ਹੋਰ ਜ਼ਖ਼ਮੀ ਹੋ ਗਏ। ਪ੍ਰਦਰਸ਼ਨਕਾਰੀਆਂ ਨੇ ਗੇਲਮੋਲ ਨੇੜੇ ਕੈਂਪ ’ਤੇ ਹਮਲਾ ਕਰ ਦਿਤਾ ਜੋ ਬੰਬ ਧਮਾਕੇ ਵਾਲੀ ਥਾਂ ਤੋਂ 100 ਕੁ ਮੀਟਰ ਹੀ ਦੂਰ ਹੈ। ਗ੍ਰਹਿ ਮੰਤਰੀ ਨੇ ਕਿਹਾ, ‘‘ਮੈਂ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸੀ.ਆਰ.ਪੀ.ਐਫ਼. ਕੈਂਪ ’ਚ ਨਾ ਜਾਣ ਅਤੇ ਉਨ੍ਹਾਂ ਨੂੰ ਬੰਬ ਧਮਾਕੇ ’ਚ ਸ਼ਾਮਲ ਲੋਕਾਂ ਨੂੰ ਫੜਨ ਲਈ ਕਾਰਵਾਈ ਕਰਨ ਦੇਣ।’’ ਪਰ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦੀ ਅਪੀਲ ਨਹੀਂ ਮੰਨੀ। ਗ੍ਰਹਿ ਮੰਤਰੀ ਨੇ ਅੱਗੇ ਕਿਹਾ, ‘‘ਉਨ੍ਹਾਂ ਨੇ ਸੀ.ਆਰ.ਪੀ.ਐਫ਼. ਕੈਂਪ ’ਚ ਜਾ ਕੇ ਗੱਡੀਆਂ ਸਾੜ ਦਿਤੀਆਂ ਅਤੇ ਕੈਂਪ ਦੇ ਇਕ ਹਿੱਸੇ ਨੂੰ ਵੀ ਢਾਹ ਦਿਤਾ, ਜਿਸ ਕਾਰਨ ਸੁਰੱਖਿਆ ਮੁਲਾਜ਼ਮਾਂ ਨੂੰ ਗੋਲੀਆਂ ਚਲਾਉਣੀਆਂ ਪਈਆਂ।’’

## (ਮੁੱਖ ਪੰਨੇ ਦੀ ਬਾਕੀ)

ਕੀਤਾ ਹੈ।

ਉਨ੍ਹਾਂ ਦਸਿਆ 16 ਅਗਸਤ ਨੂੰ ਇੰਡੀਆਨਾ ਅਤੇ 18 ਅਕਤੂਬਰ ਨੂੰ ਐਡਮਿੰਟਨ ਕੈਨੇਡਾ ਵਿੱਚ ਹੋਣ ਵਾਲੇ ਖਾਲਿਸਤਾਨ ਰਫਰੈਂਡਮ ਵਿੱਚ ਸੰਗਤਾਂ ਨੂੰ ਵੱਧ ਚੜ ਕੇ ਆਪਣਾ ਯੋਗਦਾਨ ਪਾਉਣ ਲਈ ਅਪੀਲ ਕੀਤੀ ਗਈ।

ਕੀਤੇ ਗਏ ਵਿਰੋਧ ਪ੍ਰਦਰਸ਼ਨ ਵਿੱਚ ਗੁਰੂ ਨਾਨਕ ਸਿੱਖ ਗੁਰਦਵਾਰਾ ਦੇ ਪ੍ਰਬੰਧਕ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਟੀਮ ਨਿੱਜਰ ਦੇ ਸਾਥੀ ਭਾਈ ਜੈਕ ਸਿੰਘ ਸਿੱਧੂ, ਭਾਈ ਮਨਜਿੰਦਰ ਸਿੰਘ ਖਾਲਸਾ, ਭਾਈ ਦਲਜੀਤ ਸਿੰਘ, ਭਾਈ ਸਰਬਜੀਤ ਸਿੰਘ, ਰਜਿੰਦਰ ਸਿੰਘ ਨੱਤ, ਭਾਈ ਚਰਨਜੀਤ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਰਣਜੀਤ ਸਿੰਘ ਚਾਹਲ ਅਤੇ ਓਕਾਨਾਗਨ ਧਰਤੀ ਤੋਂ ਭਾਈ ਸੁਖਬੀਰ ਸਿੰਘ ਲਿੱਦੜ ਵਿਸ਼ੇਸ਼ ਤੌਰ ‘ਤੇ ਪਹੁੰਚੇ ਸਨ ਅਤੇ ਕੈਨੇਡਾ ਦੇ ਬਰੈਮਪਟਨ ਵਿਖ਼ੇ ਭਾਈ ਇੰਦਰਜੀਤ ਸਿੰਘ ਗੋਸਲ, ਭਾਈ ਕੁਲਜੀਤ ਸਿੰਘ ਗੋਸਲ ਅਤੇ ਮੋਂਟਰੀਅਲ ਤੋਂ ਜਲਾਵਤਨੀ ਆਗੂ ਬਾਬਾ ਸੰਤੋਖ ਸਿੰਘ ਖੇਲਾ ਨੇ ਵਿਸ਼ੇਸ਼ ਤੌਰ ‘ਤੇ ਹਾਜ਼ਰ ਹੋ ਕੇ ਸੰਗਤਾਂ ਦਾ ਉਤਸ਼ਾਹ ਵਧਾਇਆ ਸੀ।

SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



FIXMAN
GLASS REPAIR LTD
Auto Residential Commercial
“We Are The Clear Choice” GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000



Mandeep Dhaliwal
www.fixmanglass.com Email:fixmanglass@gmail.com




Punjab TRAVELS
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ
ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਸਰਕਾਰ ਵੱਲ ਨਹੀਂ ਪੰਥ ਵੱਲ ਦੇਖੋ:ਦਲ ਖਾਲਸਾ ਵੱਲੋਂ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ





ਅੰਮ੍ਰਿਤਸਰ:ਦਲ ਖਾਲਸਾ ਵੱਲੋਂ 5 ਅਪ੍ਰੈਲ ਨੂੰ ਆਯੋਜਿਤ ਸੈਮੀਨਾਰ ਵਿੱਚ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਮਤੇ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਬੇਅਦਬੀ ਦੀਆਂ ਵਧਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਸਰਕਾਰ ਵੱਲ ਨਹੀਂ ਸਗੋਂ ਪੰਥ ਨੂੰ ਲਾਮਬੰਦ ਕਰਨ ਦੀ ਪੁਰਜੋਰ ਜੋ ਅਪੀਲ ਕੀਤੀ ਗਈ। ਮਤੇ ਵਿੱਚ ਕਿਹਾ ਗਿਆ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਕੋਈ ਨਵਾਂ ਕਾਨੂੰਨ ਬਣਾਉਣ ਲਈ ਸਰਕਾਰ ਨੂੰ ਕਹਿਣ ਦੀ ਬਜਾਏ ਖਾਲਸਾ ਪੰਥ ਨੂੰ ਸਿੱਖ ਜੁਝਾਰੂ ਰਿਵਾਇਤਾਂ ਅਨੁਸਾਰ ਆ ਰਹੀਆਂ ਚੁਣੌਤੀਆਂ ਦਾ ਦ੍ਰਿੜਤਾ ਤੇ ਦਲੇਰੀ ਨਾਲ ਸਾਹਮਣਾ ਕਰਨ ਤੇ ਜਵਾਬ ਦੇਣ ਲਈ ਤਿਆਰ ਕਰਨ ਵਾਸਤੇ ਕਦਮ ਚੁੱਕਣ ਲਈ ਕਹਿਣ।ਇੱਕ ਹੋਰ ਮਤੇ ਰਾਹੀਂ ਕਿਹਾ ਗਿਆ ਅਸੀਂ ਸਪਸ਼ਟ ਤੌਰ ਤੇ ਕਹਿੰਦੇ ਹਾਂ ਕਿ ਸਿੱਖ ਭਾਈਚਾਰਾ ਆਪਣੀ ਸੂਝ ਬੂਝ ਨਾਲ ਇਸ ਵਧ ਰਹੀ ਸਮੱਸਿਆ ਨਾਲ ਜੁਝਾਰੂ ਸਿਸਟਮ ਤਿਆਰ ਕਰੇਗਾ। ਦਲ ਖਾਲਸਾ ਦੇ ਬਿਆਨ ਵਿੱਚ ਕਿਹਾ ਗਿਆ ਕਿ ਬੇਅਦਬੀ ਵਿਰੁੱਧ ਲੜਾਈ ਵਿੱਚ ਸਿੱਖ ਭਾਈਚਾਰੇ ਨੂੰ ਲਾਚਾਰ ਜਾਂ ਬੇਬਸ ਨਹੀਂ ਸਮਝਣਾ ਚਾਹੀਦਾ।ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਕਿਹਾ ਕਿਸੇ ਨਵੇਂ ਕਾਨੂੰਨ ਵੱਲ ਜਾਣ ਤੋਂ ਪਹਿਲਾਂ ਸਰਕਾਰ ਪਹਿਲਾਂ ਆਪਣੀ ਇਮਾਨਦਾਰੀ ਤੇ ਨਿਰਪੱਖਤਾ ਦਿਖਾਵੇ ਅਤੇ ਅਤੀਤ ਦੀਆਂ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਜੋ ਅਜੇ ਵੀ ਅਣਸੁਲਝੀਆਂ ਹਨ ਉਨਾ ਦਾ ਫੈਸਲਾ ਕਰੇ।।ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾ ਪਿੰਡ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਕੋਈ ਭੁਲੇਖਾ ਨਾ ਰੱਖਿਓ, ਕੋਈ ਵੀ ਵਿਅਕਤੀ ਸਮੂਹ, ਸਿੱਖ ਜਾਂ ਗੈਰ ਸਿੱਖ ਜੋ ਗੁਰੂ ਗ੍ਰੰਥ ਸਾਹਿਬ ਅਤੇ ਗੁਰਬਾਣੀ ਦਾ ਅਪਮਾਨ ਅਤੇ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ ਉਸ ਨੂੰ ਖਾਲਸਾ ਪੰਥ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮਾਸਟਰ ਕੁਲਵੰਤ ਸਿੰਘ ਫੇਰੂਮਾਨ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਅਸੀਂ ਇਸ ਸੰਵੇਦਨਸ਼ੀਲ ਮਾਮਲੇ ਨੂੰ 'ਆਪ' ਸਰਕਾਰ ਤੇ ਅਕਾਲੀ ਦਲ ਦੀ ਖਿੱਚੋਤਾਣ ਵਾਲੀ ਰਾਜਨੀਤੀ ਦੀ ਬਲੀ ਨਹੀਂ ਚੜਨ ਦਿਆਂਗੇ।ਸਿੱਖ ਕਲੈਕਟਿਵ ਦੇ ਕਨਵੀਨਰ ਜਗਮੋਹਨ ਸਿੰਘ ਨੇ ਕਿਹਾ ਕਾਨੂੰਨੀ ਪਹੁੰਚ ਅਪਣਾਉਣ ਵੱਲ ਚੁੱਕਿਆ ਕੋਈ ਵੀ ਕਦਮ ਖਤਰੇ ਨਾਲ ਭਰਿਆ ਹੋਇਆ ਹੈ ਅਸੀਂ ਪਹਿਲਾਂ ਹੀ ਪਿਛਲੀ ਸਦੀ ਤੋਂ ਗੁਰਦੁਆਰਾ ਕਾਨੂੰਨ ਦੇ ਸੰਬੰਧ ਵਿੱਚ ਵਿਸ਼ਵਾਸ ਦੇ ਸੰਕਟ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ।ਨਰਾਇਣ ਸਿੰਘ ਚੌੜਾ ਨੇ ਸਪਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਸਾਨੂੰ ਕਿਸੇ ਕਾਨੂੰਨ ਦੀ ਲੋੜ ਨਹੀਂ ਹੈ ਤੇ ਮੈਂ ਕਾਨੂੰਨ ਬਣਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਸਖਤ ਵਿਰੋਧ ਕਰਦਾ ਹਾਂ।ਮੇਰਾ ਗੁਰੂ ਕਿਸੇ ਵੀ ਸਰਕਾਰੀ ਸੁਰੱਖਿਆ ਜਾਂ ਕਾਨੂੰਨ ਦੇ ਘੇਰੇ ਤੋਂ ਉੱਪਰ ਹੈ ਸਰਬ ਉੱਚ ਹੈ।






# ਅਮਰੀਕੀ ਫੌਜਾਂ ਨੂੰ ਨਿਸ਼ਾਨਾ ਬਣਾਉਣ ਲਈ ਚੀਨੀ ਏਆਈ ਵੱਲੋਂ ਈਰਾਨ ਦੀ ਮੱਦਦ

ਵਾਸਿੰਗਟਨ:-ਚੀਨੀ ਏ ਆਈ ਯੰਤਰ ਈਰਾਨੀ ਫੌਜ ਨੂੰ ਵੱਡੀ ਮਾਤਰਾ ਵਿੱਚ ਡੇਟਾ ਦੀ ਪ੍ਰਕਿਰਿਆ ਕਰਨ ਅਤੇ ਪਹਿਲਾਂ ਨਾਲੋਂ ਕਿਤੇ ਤੇਜ਼ੀ ਨਾਲ ਟੀਚਿਆਂ ਦੀ ਪਛਾਣ ਕਰਨ ਲਈ ਵੱਡੀ ਮਦਦ ਕਰਦਾ ਹੈ।

ਪਹਿਲਾਂ ਵੱਡੀਆਂ ਖੁਫੀਆ ਏਜੰਸੀਆਂ ਦੇ ਸਰੋਤਾਂ ਦੀ ਲੋੜ ਹੁੰਦੀ ਸੀ ਉਹ ਹੁਣ ਉੱਨਤ ਸੌਫਟਵੇਅਰ ਅਤੇ ਵਪਾਰਕ ਸੈਟੇਲਾਈਟ ਇਮੇਜਰੀ ਨਾਲ ਕੀਤਾ ਜਾ ਸਕਦਾ ਹੈ।

ਨਵੀਆਂ ਰਿਪੋਰਟਾਂ ਅਨੁਸਾਰ ਇਹ ਤਕਨਾਲੋਜੀ ਪਹਿਲਾਂ ਹੀ ਮੱਧ ਪੂਰਬ ਵਿੱਚ ਜੰਗ ਦੇ ਮੈਦਾਨ ਨੂੰ ਮੁੜ ਆਕਾਰ ਦੇ ਰਹੀ ਹੋ ਸਕਦੀ ਹੈ।

ਯੂਐਸ ਡਿਫੈਂਸ ਇੰਟੈਲੀਜੈਂਸ ਏਜੰਸੀ (ਡੀਆਈਏ) ਨੇ ਮੁਲਾਂਕਣ ਕੀਤਾ ਹੈ ਕਿ ਚੀਨੀ ਕੰਪਨੀ ਮਿਜ਼ਾਰਵਿਜ਼ਨ ਦੁਆਰਾ ਵਿਕਸਤ ਕੀਤੇ ਗਏ ਟੂਲ ਅਮਰੀਕੀ ਕਾਰਵਾਈਆਂ ਲਈ ਸੰਭਾਵੀ ਖ਼ਤਰਾ ਪੈਦਾ ਕਰਦੇ ਹਨ। ਰਿਟਾਇਰਡ ਆਸਟ੍ਰੇਲੀਆਈ ਮੇਜਰ ਜਨਰਲ ਗੁਸ ਮੈਕਲਾਚਲਨ ਨੇ ਚੇਤਾਵਨੀ ਦਿੱਤੀ ਕਿ ਇਹ ਤਕਨਾਲੋਜੀ ਇੱਕ ਵਰਗ ਮੀਟਰ ਤੋਂ ਛੋਟੇ ਟੀਚਿਆਂ 'ਤੇ ਹਮਲੇ ਨੂੰ ਸਮਰੱਥ ਬਣਾ ਸਕਦੀ ਹੈ।"ਅਸੀਂ ਇੱਕ ਯੂਐਸ ਈ-3 ਸੈਂਟਰੀ ਏਅਰਕ੍ਰਾਫਟ ਸਮੇਤ ਈਰਾਨ ਵੱਲੋਂ ਕਈ ਹੋਰ ਹਮਲੇ ਦੇਖ ਰਹੇ ਹਾਂ।

ਸਾਡੀਆਂ ਫੌਜਾਂ ਇਸ ਧਮਕੀ ਨੂੰ ਬਹੁਤ ਗੰਭੀਰਤਾ ਨਾਲ ਲੈਣਗੀਆਂ ਅਤੇ ਸਹੀ ਢੰਗ ਨਾਲ," "ਇਹ ਇੱਕ ਖ਼ਤਰਨਾਕ ਵਿਕਾਸ ਹੈ ਕਿਉਂਕਿ ਇਹ ਈਰਾਨੀਆਂ ਨੂੰ ਇਹ ਚੁਣਨ ਦੀ ਇਜਾਜ਼ਤ ਦਿੰਦਾ ਹੈ ਕਿ ਕਿਸ ਨੂੰ ਨਿਸ਼ਾਨਾ ਬਣਾਉਣਾ ਹੈ। 24 ਘੰਟਿਆਂ ਲਈ ਇੱਕ ਥਾਂ 'ਤੇ ਪਈ ਕੋਈ ਵੀ ਵਸਤੂ ਹੁਣ ਨਿਸ਼ਾਨਾ ਬਣ ਸਕਦੀ ਹੈ।


ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*10 ਅਪ੍ਰੈਲ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਨਵਤੇਜ ਸਿੰਘ ਪਰਿਵਾਰ ਵੱਲੋਂ

*11 ਅਪ੍ਰੈਲ ਦਿਨ ਸ਼ਨਿੱਚਰਵਾਰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਰਣਜੀਤ ਸਿੰਘ ਖੰਨਾ ਪਰਿਵਾਰ ਵੱਲੋਂ ਹੋਵੇਗੀ।

*12 ਅਪ੍ਰੈਲ ਦਿਨ ਐਤਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਸਾਹਿਬ, ਉਪਰੰਤ ਹਫਤਾਵਾਰੀ ਦੀਵਾਨ ਸਜਣਗੇ।

*14 ਅਪ੍ਰੈਲ ਦਿਨ ਮੰਗਲਵਾਰ ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਪਾਠ ਦੇ ਭੋਗ ਉਪਰੰਤ ਦੀਵਾਨ ਸਜਣਗੇ।

ਨੋਟ:18 ਅਪ੍ਰੈਲ ਨੂੰ ਸਰੀ ਨਗਰ ਕੀਰਤਨ ਤੇ ਗੁਰੂਘਰ ਵੱਲੋਂ 124 ਸਟਰੀਟ ਅਤੇ 78 ਐਵੇਨਿਊ ਤੇ ਖੁੱਲ੍ਹੇ ਪੰਡਾਲ ਸਜਣਗੇ ਅਤੇ ਢਾਡੀ ਦਰਬਾਰ ਹੋਵੇਗੀ।

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

| ਰਾਗੀ ਜੱਥਾ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਸਤਨਾਮ ਸਿੰਘ<br>ਲੁਧਿਆਣੇ ਵਾਲੇ | ਗਿਆਨੀ ਨਿਰਵੈਲ ਸਿੰਘ<br>ਬੀੜ ਬਾਬਾ ਬੁੱਢਾ ਜੀ ਵਾਲੇ | 604-585-0319 |

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ

6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ

8-8:30 ਵਜੇ ਤੱਕ: ਕਥਾ ਹੁਕਮਨਾਮਾ

8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ

6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੰਗਤ ਨੇ ਰਲ ਮਿਲ ਕੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਕੀਤੀ



ਸਰੀ-(ਸੁਰਿੰਦਰ ਸਿੰਘ ਜੱਬਲ):ਸਰੀ ਸਥਿਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੰਗਤ ਨੇ ਰਲ ਮਿਲ ਕੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਦਿਨ ਐਤਵਾਰ 5 ਅਪ੍ਰੈਲ 2026 ਨੂੰ ਬੜੇ ਹੀ ਚਾਵਾਂ ਨਾਲ ਕੀਤੀ।ਮੌਸਮ ਚੰਗਾ ਹੋਣ ਕਰਕੇ ਸੰਗਤ ਤਕਰੀਬਨ ਇਕ ਘੰਟਾ ਪਹਿਲਾਂ ਹੀ ਨਿਸ਼ਾਨ ਸਾਹਿਬ ਜੀ ਦਾ ਚੋਲਾ ਬਦਲਣ ਲਈ ਇਕੱਤਰ ਹੋਣ ਲੱਗ ਪਈ ਸੀ। ਹਰ ਇਕ ਵਿਚ ਬੜਾ ਉਤਸ਼ਾਹ ਨਜ਼ਰ ਆ ਰਿਹਾ ਸੀ।ਅਰਦਾਸ ਉਪਰੰਤ ਨਿਸ਼ਾਨ ਸਾਹਿਬ ਨੂੰ ਹਾਈਡਰੋਲਿਕ ਨਾਲ ਧਰਤੀ ਤੇ ਨੀਵਿਆਂ ਕਰਨ ਦੀ ਹੀ ਦੇਰ ਸੀ ਕਿ ਸਮੁੱਚੀ ਸੰਗਤ ਪੁਰਾਣਾ ਚੋਲਾ ਉਤਾਰਣ ਵਿਚ ਜੁੱਟ ਗਈ। ਸਾਫ ਸਫਾਈ ਧੋਣ ਧੁਲਾਈ ਉਪਰੰਤ ਸੰਗਤਾਂ ਨੇ ਉਤਸ਼ਾਹ ਨਾਲ ਚਾਈਂ ਚਾਈਂ ਨਵਾਂ ਚੋਲਾ ਚੜ੍ਹਾਉਣ ਦੀ ਸੇਵਾ ਵਿਚ ਰਲ ਮਿਲ ਕੇ ਹੱਥ ਵਟਾਇਆ। ਰਾਗੀ ਜੱਥੇ ਭਾਈ ਇਕਬਾਲ ਸਿੰਘ ਲੁਧਿਆਣੇਵਾਲੇ ਤੇ ਭਾਈ ਸਰਬਜੀਤ ਸਿੰਘ ਰਮਦਾਸਵਾਲੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਦੁਰਾਨ ਕੀਰਤਨ ਨਾਲ ਹਾਜ਼ਿਰ ਸੰਗਤਾਂ ਨੂੰ ਨਿਹਾਲ ਵੀ ਕਰਦੇ ਰਹੇ।ਸੰਗਤ ਵਲੋਂ ਚੋਲਾ ਬਦਲਣ ਦੀ ਸੇਵਾ ਗਿਆਨੀ ਸਤਵਿੰਦਰ ਸਿੰਘ ਜੀ ਵਲੋਂ ਅਰਦਾਸ ਕਰਨ ਬਾਅਦ ਹੀ ਮੁਕੰਮਲ ਹੋਈ।ਅਕਾਲਪੁਰਖ ਜੀ ਦੀ ਮਿਹਰ ਸਦਕੇ ਸਾਰਾ ਸਮਾਂ ਮੌਸਮ ਵੀ ਬੜਾ ਹੀ ਸੁਹਾਵਣਾ ਰਿਹਾ।ਹਾਜ਼ਿਰ ਸੰਗਤਾਂ ਨੇ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਚੋਲਾ ਬਦਲਣ ਦੇ ਇਸ ਸਮਾਗਮ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਲੰਗਰ ਛਕ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ ਤੇ ਖਾਲਸਾ ਸਾਜਨਾ ਦਿਵਸ 14 ਅਪ੍ਰੈਲ ਦਿਨ ਮੰਗਲਵਾਰ ਨੂੰ ਵਧ ਚੜ੍ਹ ਕੇ ਮਨਾਉਣ ਲਈ ਗੁਰਦੁਆਰਾ ਸਾਹਿਬ ਵਿਚ ਆਉਣ ਦੀ ਬੇਨਤੀ ਸਹਿਤ ਉਚੇਚੀ ਪ੍ਰੇਰਨਾ ਵੀ ਕੀਤੀ ਗਈ।

# ਸ. ਭੁਪਿੰਦਰ ਸਿੰਘ ਭੋਗਲ ਦਾ ਸਨਮਾਨ



ਸਰੀ(ਸੁਰਿੰਦਰ ਸਿੰਘ ਜੱਬਲ) ਦੂਰ-ਦਰਸ਼ਨ ਐਨਕਲੇਵ ਫੇਜ਼ ਵੰਨ ਸਥਿਤ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਦੇ ਸਕੱਤਰ ਸ. ਭੁਪਿੰਦਰ ਸਿੰਘ ਭੋਗਲ ਪਿਛਲੇ ਦਿਨੀ ਪਹਿਲੀ ਵਾਰ ਕੈਨੇਡਾ ਆਏ। ਗੁਰਦੁਆਰਾ ਸਾਹਿਬ ਬਰੁੱਕਸਾਈਡ ਦੇ ਗੁਰੂ ਦਰਬਾਰ ਵਿਚ ਨਤਮਸਤਕ ਹੋਣ ਸਮੇਂ 5 ਅਪ੍ਰੈਲ, ਐਤਵਾਰ ਦੇ ਦੀਵਾਨ ਵਿਚ ਪ੍ਰਬੰਧਕ ਕਮੇਟੀ ਵਲੋਂ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।ਭੋਗਲ ਸਾਹਿਬ ਪਿਛਲੇ 20-22 ਸਾਲਾਂ ਤੋਂ ਉਥੋਂ ਦੀ ਸਿੰਘ ਸਭਾ ਸੁਸਾਇਟੀ ਨਾਲ ਜੁੜੇ ਹੋਏ ਹਨ।ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਬੰਧਕਾਂ ਨੇ ਬੋਰਡ ਰੂਮ ਵਿਚ ਬੈਠ ਕੇ ਇਥੋਂ ਦੀ ਸੁਸਾਇਟੀ ਅਤੇ ਜਲੰਧਰ ਸਥਿਤ ਦੋਹਾਂ ਸੰਸਥਾਵਾਂ ਬਾਰੇ ਹੋਰ ਜਾਣਕਾਰੀ ਵੀ ਸਾਂਝੀ ਕੀਤੀ।

# ਆਸਾਮ ਦੇ ਨੌਜਵਾਨਾਂ ਦੀ ਬਦਲੀ ਸੋਚ

ਗੁਹਾਟੀ:-ਨੇਪਾਲ ਦੇ ਨੌਜਵਾਨਾਂ ਵੱਲੋਂ ਸੜਕਾਂ 'ਤੇ ਉਤਰ ਕੇ ਲਿਆਂਦੇ ਸਿਆਸੀ ਇਨਕਲਾਬ ਦਾ ਅਸਰ ਅਜੇ ਸਮੁੱਚੇ ਭਾਰਤ ਦੇ ਨੌਜਵਾਨਾਂ ਵਿੱਚ ਬਹੁਤਾ ਨਜ਼ਰ ਨਹੀਂ ਆ ਰਿਹਾ, ਪਰ ਆਸਾਮ ਦੇ ਨੌਜਵਾਨਾਂ 'ਚ ਇਸ ਦਾ ਰੰਗ ਚੜ੍ਹਿਆ ਨਜ਼ਰ ਆ ਰਿਹਾ ਹੈ।

ਹਾਲਾਂਕਿ ਉਹ ਸਿਸਟਮ ਨੂੰ ਬਦਲਣ ਲਈ ਸੜਕਾਂ 'ਤੇ ਨਹੀਂ ਉੱਤਰੇ ਹਨ, ਪਰ 19 ਅਪ੍ਰੈਲ ਨੂੰ ਹੋ ਰਹੀਆਂ ਅਸੈਂਬਲੀ ਚੋਣਾਂ 'ਚ ਉਨ੍ਹਾਂ ਆਪਣੀ ਤਰਜੀਹ ਤੈਅ ਕਰ ਲਈ ਹੈ ਕਿ ਕਿਸ ਨੂੰ ਜਿਤਾਉਣਾ ਹੈ। ਡਿਬਰੂਗੜ੍ਹ ਯੂਨੀਵਰਸਿਟੀ ਤੇ ਗੁਹਾਟੀ ਯੂਨੀਵਰਸਿਟੀ ਇੱਕ-ਦੂਜੀ ਤੋਂ ਲੱਗਭੱਗ 440 ਕਿੱਲੋਮੀਟਰ ਦੇ ਫਾਸਲੇ 'ਤੇ ਹਨ, ਪਰ ਉੱਥੇ ਪੜ੍ਹਨ ਵਾਲਿਆਂ ਨੇ ਮਨ ਬਣਾ ਲਿਆ ਹੈ ਕਿ ਉਹ ਪਾਰਟੀ ਦੀ ਥਾਂ ਉਸ ਉਮੀਦਵਾਰ ਨੂੰ ਵੋਟ ਪਾਉਣਗੇ, ਜਿਹੜਾ ਬੀਤੇ ਵਿੱਚ ਲੋਕਾਂ ਨਾਲ ਖੜ੍ਹਿਆ ਤੇ ਅੱਗੇ ਵੀ ਉਨ੍ਹਾਂ ਦੇ ਭਲੇ ਵਿੱਚ ਕੰਮ ਕਰੇਗਾ।

ਪੂਰਬੀ ਭਾਰਤ ਵਿੱਚ ਕਾਫੀ ਲੋਕਪ੍ਰਿਆ ਅਖਬਾਰ 'ਦੀ ਟੈਲੀਗ੍ਰਾਫ' ਵੱਲੋਂ ਪਿਛਲੇ ਹਫਤੇ ਕਾਲਜ ਤੇ ਯੂਨੀਵਰਸਿਟੀ ਵਿਦਿਆਰਥੀਆਂ ਨਾਲ ਕੀਤੀ ਗਈ ਗੱਲਬਾਤ ਵਿੱਚ ਇਹ ਤੱਥ ਸਾਹਮਣੇ ਆਇਆ ਹੈ ਕਿ 18 ਤੋਂ 29 ਸਾਲ ਦੇ ਨੌਜਵਾਨਾਂ ਨੇ ਵਾਕਈ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਤਾਂ ਪਾਰਟੀਆਂ ਦੀ ਗਿਣਤੀ-ਮਿਣਤੀ ਵਿਗੜ ਸਕਦੀ ਹੈ। ਸਿਆਸੀ ਕਾਰਕੁੰਨ ਤੇ ਚੋਣ ਅਬਜ਼ਰਵਰ ਵੀ ਮੰਨ ਰਹੇ ਹਨ ਕਿ ਆਸਾਮ ਦੀ ਨਵੀਂ ਪੀੜ੍ਹੀ (ਜੈੱਨ ਜ਼ੀ) ਦੇ ਵੋਟਰ ਵੱਖਰੇ ਢੰਗ ਨਾਲ ਸੋਚ ਰਹੇ ਹਨ ਤੇ ਉਹ ਜਿੱਤ-ਹਾਰ ਵਿੱਚ ਵੱਡਾ ਰੋਲ ਨਿਭਾਉਣਗੇ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

12383-83A Ave, Surrey, BC



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

VELOCITY
TRUCK CENTRES

# DRIVE FORWARD WITH VELOCITY

## ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ

ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ

## ਨਵੇਂ ਅਤੇ ਯੂਜ਼ਡ ਟਰੱਕ, ਟਰੇਲਰ, ਬੱਸਾਂ




**TOTAL CUSTOMER SUPPORT**

- ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
- ਸੇਵਾਵਾਂ: ਸਾਰੇ ਮੇਕ ਅਤੇ ਮਾਡਲ
- ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
- *ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ

LOCATIONS

*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ *ਹਰੇਕ ਮੇਕ ਅਤੇ ਮਾਡਲ *ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ

## ਕਿਰਾਏ ਤੇ ਲੋੜ ਹੈ?



ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ, ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।

ਕਮਰਸ਼ੀਅਲ ਟਰੱਕ ਰੈਂਟਲ ਫੁੱਲ ਸਰਵਿਸ ਲੀਜਿੰਗ ਫਲੀਟ ਮੈਨੇਜਮੈਂਟ ਸਰਵਿਸਿਜ

Learn More About Our Services
855-412-7431
VelocityTruckRentalAndLeasing.ca

VELOCITY
TRUCK RENTAL & LEASING
CANADA

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560

Dasmesh
DARBAR GURDWARA SAHIB | SURREY

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ | RECOGNIZE ALL HUMAN RACE AS ONE (GURU GOBIND SINGH)

# GURDWARA SAHIB DASMESH DARBAR
# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ – ਸਰੀ, ਕੈਨੇਡਾ ਵੱਲੋ

# KHALSA DAY PARADE
## NAGAR KIRTAN

## EVENT SCHEDULE

| | |
|---|---|
| 10 ਅਪ੍ਰੈਲ, ਸ਼ੁੱਕਰਵਾਰ (6:30PM-9:00PM) | ਆਤਮਰਸ ਕੀਰਤਨ ਦਰਬਾਰ |
| 11 ਅਪ੍ਰੈਲ, ਸ਼ਨੀਵਾਰ (6:30PM-9:00PM) | ਕਥਾ ਦਰਬਾਰ |
| 12 ਅਪ੍ਰੈਲ, ਐਤਵਾਰ (ਸ਼ੁਰੂ 9:30AM) | ਨਿਸ਼ਾਨ ਸਾਹਿਬ ਦੀ ਸੇਵਾ ਅਤੇ ਢਾਡੀ ਦਰਬਾਰ |
| 13 ਅਪ੍ਰੈਲ, ਸੋਮਵਾਰ (6:30PM-9:00PM) | ਢਾਡੀ ਦਰਬਾਰ |
| 14 ਅਪ੍ਰੈਲ, ਮੰਗਲਵਾਰ (6:30PM-9:00PM) | ਕਵੀ ਦਰਬਾਰ |
| 15 ਅਪ੍ਰੈਲ, ਬੁੱਧਵਾਰ (6:30PM-9:00PM) | ਕਥਾ ਦਰਬਾਰ |
| 16 ਅਪ੍ਰੈਲ, ਵੀਰਵਾਰ (6:30PM-9:00PM) | ਢਾਡੀ ਦਰਬਾਰ |
| 17 ਅਪ੍ਰੈਲ, ਸ਼ੁੱਕਰਵਾਰ (6:30PM-9:00PM) | ਆਤਮਰਸ ਕੀਰਤਨ ਦਰਬਾਰ |
| 18 ਅਪ੍ਰੈਲ, ਸ਼ਨੀਵਾਰ (ਸ਼ੁਰੂ 7:30AM) | ਨਗਰਕੀਰਤਨ |
| 19 ਅਪ੍ਰੈਲ, ਐਤਵਾਰ (6:00 AM) | ਅੰਮ੍ਰਿਤ ਸੰਚਾਰ |

"A CENTRE OF SIKH FAITH & TRADITION IN NORTH AMERICA"
Unit 114 – 121, 12885 – 85 Avenue, Surrey, B.C. Canada V3W 0K8 |
Main: 604-594-2574 | Off: 604-594-2573 | Fax: 604-594-2512
Email: gurdwaradasmeshdarbarsurrey@gmail.com | www.dasmeshdarbar.ca

ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ (ਗੁਰੂ ਗ੍ਰੰਥ ਸਾਹਿਬ, ਪੰਨਾ 644)

## ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ

## ਵਲੋਂ 18 ਅਪ੍ਰੈਲ 2026 ਦਿਨ ਸ਼ਨੀਵਾਰ ਨੂੰ ਸਰੀ ਵਿੱਚ ਉਲੀਕੀ ਜਾ ਰਹੀ

# ਸਲਾਨਾ 'ਖਾਲਸਾ ਡੇਅ ਪਰੇਡ' ਸਬੰਧੀ ਜ਼ਰੂਰੀ ਬੇਨਤੀਆਂ

**ਮੁੱਖ ਸਟੇਜ ਨਾਲ ਸਬੰਧਿਤ ਕਾਰਜਾ ਲਈ ਸੰਪਰਕ**

| | |
|---|---|
| ਪ੍ਰਧਾਨ ਗੁਰਦੀਪ ਸਿੰਘ ਸਮਰਾ | : 604-807-5020 |
| ਗਿਆਨ ਸਿੰਘ ਗਿੱਲ | : 604-518-6150 |
| ਬਲਜਿੰਦਰ ਸਿੰਘ ਖੇਹਰਾ | : 778-240-7813 |
| ਜਸਵੀਰ ਸਿੰਘ | : 778-862-4966 |

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਹਰ ਸਾਲ ਦੀ ਤਰ੍ਹਾਂ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਅਤੇ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਖਾਲਸੇ ਦੇ ਜਨਮ ਦਿਹਾੜੇ ਸਬੰਧੀ ਸਰੀ 'ਚ ਨਿਕਲਣ ਵਾਲੇ ਨਗਰ ਕੀਰਤਨ ਦਾ ਆਯੋਜਨ 18 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਕੀਤਾ ਗਿਆ ਹੈ। ਇੰਨੇ ਵੱਡੇ ਕਾਰਜ ਦੀ ਸਫਲਤਾ ਲਈ ਸੰਗਤ ਦੇ ਸਹਿਯੋਗ ਦੀ ਬਹੁਤ ਲੋੜ ਹੈ, ਇਸ ਲਈ ਕੁਝ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ। ਆਸ ਹੈ ਕਿ ਇਨ੍ਹਾਂ ਬੇਨਤੀਆਂ 'ਤੇ ਅਮਲ ਕਰਕੇ ਸੇਵਾਦਾਰਾਂ ਨੂੰ ਧੰਨਵਾਦੀ ਬਣਾਓਗੇ:


ਨੋਟ :- ਮੁੱਖ ਸਟੇਜ ਨਾਲ ਸਬੰਧਿਤ ਕਾਰਜਾ ਲਈ ਸੰਪਰਕ
ਗਿਆਨ ਸਿੰਘ ਗਿੱਲ : 604-518-6150 ਜਸਵੀਰ ਸਿੰਘ : 778-862-4966

1. ਨਗਰ ਕੀਰਤਨ ਮੌਕੇ ਸਕਿਓਰਟੀ, ਪ੍ਰਬੰਧ ਅਤੇ ਸਾਫ-ਸਫਾਈ ਲਈ ਵਾਲੰਟੀਅਰ ਵੀਰਾਂ-ਭੈਣਾਂ ਦੀ ਜ਼ਰੂਰਤ ਹੈ। ਅੱਜ ਹੀ ਸੇਵਾ ਲਈ ਆਪਣਾ ਨਾਮ ਲਿਖਵਾਉਣ ਵਾਸਤੇ ਗੁਰਦੁਆਰਾ ਸਾਹਿਬ ਨਾਲ 604-594-2574 'ਤੇ ਸੰਪਰਕ ਕਰੋ। ਮੁੱਖ ਸਟੇਜ ਨਾਲ ਸਬੰਧਿਤ ਕਾਰਜਾਂ ਲਈ ਜਸਵੀਰ ਸਿੰਘ ਨਾਲ 778-862-4966 'ਤੇ ਸੰਪਰਕ ਕਰੋ। ਨਗਰ ਕੀਰਤਨ ਦੇ ਰੂਟ 'ਤੇ ਲੰਗਰ ਲਗਾਉਣ ਵਾਲੇ ਸੇਵਾਦਾਰ ਸਿਹਤ ਮਹਿਕਮੇ ਨਾਲ ਸਬੰਧਿਤ ਅਰਜ਼ੀਆਂ ਗੁਰਦੁਆਰਾ ਸਾਹਿਬ ਤੋਂ ਵੀ ਪ੍ਰਾਪਤ ਕਰ ਸਕਦੇ ਹਨ।
2. ਬੇਨਤੀ ਹੈ ਕਿ ਨਗਰ ਕੀਰਤਨ 'ਚ ਸ਼ਾਮਲ ਸਭ ਸੰਗਤਾਂ ਕੇਸਰੀ ਦਸਤਾਰਾਂ, ਕੇਸਰੀ ਦੁਪੱਟੇ ਅਤੇ ਕੇਸਰੀ ਰੁਮਾਲ ਸਜਾ ਕੇ ਆਉਣ ਤਾਂ ਕਿ ਸਮੁੱਚੀ ਫਿਜ਼ਾ ਨੂੰ ਖਾਲਸਈ ਰੰਗ 'ਚ ਰੰਗਿਆ ਜਾ ਸਕੇ। ਬੇਨਤੀ ਹੈ ਕਿ ਨਗਰ ਕੀਰਤਨ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਵਰਤ ਕੇ ਸ਼ਾਮਲ ਨਾ ਹੋਇਆ ਜਾਵੇ।
3. ਆਪਣੇ ਬੱਚਿਆਂ ਅਤੇ ਵਡੇਰੀ ਉਮਰ ਦੇ ਬਜ਼ੁਰਗਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ। ਨਗਰ ਕੀਰਤਨ 'ਚ ਗੁਆਚੇ ਬੱਚਿਆਂ ਨੂੰ ਨਜ਼ਦੀਕੀ ਪੁਲਿਸ ਅਫਸਰ ਦੇ ਸਪੁਰਦ ਕੀਤਾ ਜਾਵੇ।
4. ਨਗਰ ਕੀਰਤਨ 'ਚ ਸ਼ਾਮਲ ਹੋਏ ਗੈਰ ਸਿੱਖਾਂ ਦਾ ਪੂਰਾ ਸਤਿਕਾਰ ਕਰਦਿਆਂ ਜੇ ਹੋ ਸਕੇ ਤਾਂ ਉਨ੍ਹਾਂ ਨੂੰ ਨਗਰ ਕੀਰਤਨ ਅਤੇ ਖਾਲਸੇ ਦੇ ਜਨਮ ਦਿਵਸ ਸਬੰਧੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਵੇ।
5. ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਵਾਲੇ ਦਿਨ ਪੂਰੇ ਰੂਟ ਅਤੇ ਰੂਟ ਨਾਲ ਜੁੜਦੀਆਂ ਸਾਰੀਆਂ ਸੜਕਾਂ ਅਤੇ ਗਲੀਆਂ ਦੀ ਸਫਾਈ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇ। ਕਿਸੇ ਦੇ ਘਰ ਅੱਗੇ ਘਾਹ ਉਤੇ ਤੁਰਨ ਜਾਂ ਬੂਟੇ ਮਿੱਧਣ ਤੋਂ ਗੁਰੇਜ਼ ਕੀਤਾ ਜਾਵੇ।
6. ਪਾਰਕਿੰਗ ਸਹੀ ਥਾਂ 'ਤੇ ਹੀ ਲਗਾਈ ਜਾਵੇ ਤਾਂ ਕਿ ਤੁਹਾਡੇ ਵਲੋਂ ਗਲਤ ਥਾਂ 'ਤੇ ਲਗਾਈ ਗੱਡੀ ਕਾਰਨ ਕਿਸੇ ਨੂੰ ਪ੍ਰੇਸ਼ਾਨੀ ਨਾ ਹੋਵੇ ਅਤੇ ਤੁਹਾਡੀ ਗੱਡੀ ਟੋਅ ਹੋਣ ਤੋਂ ਵੀ ਬਚੀ ਰਹੇ।
7. ਨਗਰ ਕੀਰਤਨ ਦੇ ਰੂਟ 'ਤੇ ਸਟੇਜਾਂ ਲਗਾਉਣ ਵਾਲੇ ਵੀਰਾਂ-ਭੈਣਾਂ ਅੱਗੇ ਬੇਨਤੀ ਹੈ ਕਿ ਸਪੀਕਰ ਦੀ ਆਵਾਜ਼ ਅਤੇ ਲੱਗਣ ਵਾਲਾ ਸੰਗੀਤ ਜ਼ਾਬਤੇ 'ਚ ਰਹਿ ਕੇ ਹੀ ਲਗਾਇਆ ਜਾਵੇ। ਫਿਲਮੀ ਜਾਂ ਲੱਚਰ ਗੀਤ ਨਾ ਲਗਾਏ ਜਾਣ। ਮੁੱਖ ਫਲੋਟ ਲੰਘਣ ਮੌਕੇ ਸਪੀਕਰ ਬੰਦ ਕਰਕੇ ਆਪ ਵੀ ਅਤੇ ਦੂਜਿਆਂ ਨੂੰ ਵੀ ਕੀਰਤਨ ਸੁਣਨ ਦਾ ਮੌਕਾ ਦਿੱਤਾ ਜਾਵੇ।
8. ਲੰਗਰ ਦੇ ਸਟਾਲ ਲਗਾਉਣ ਵਾਲੇ ਸੇਵਾਦਾਰਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਸਟਾਲ ਦੇ ਨਜ਼ਦੀਕ ਜੇਕਰ ਇੱਕ ਜਾਂ ਦੋ ਪੋਰਟੇਬਲ ਵਾਸ਼ਰੂਮ ਰਖਵਾਉਣ ਦਾ ਪ੍ਰਬੰਧ ਹੋ ਸਕੇ ਤਾਂ ਜ਼ਰੂਰ ਰਖਵਾਉਣ ਦੀ ਕ੍ਰਿਪਾਲਤਾ ਕਰਨੀ। ਨਗਰ ਕੀਰਤਨ ਲੰਘਣ ਉਪਰੰਤ ਸਾਰਾ ਗਾਰਬੇਜ ਬੈਗਾਂ 'ਚ ਪਾ ਕੇ ਮੂੰਹ ਬੰਨ੍ਹ ਕੇ ਰੱਖਿਆ ਜਾਵੇ। ਜੇ ਆਪ ਚੁੱਕਣ ਦੀ ਵਿਵਸਥਾ ਨਹੀਂ ਹੈ ਤਾਂ ਉਥੇ ਹੀ ਬੈਗ ਮੂੰਹ ਬੰਨ੍ਹ ਕੇ ਰੱਖ ਦਿੱਤੇ ਜਾਣ, ਸੇਵਾਦਾਰ ਆਪ ਚੁੱਕ ਕੇ ਲੈ ਜਾਣਗੇ। ਗਾਰਬੇਜ ਅਤੇ ਰੀ-ਸਾਇਕਲ ਹੋਣ ਵਾਲੇ ਸਮਾਨ ਨੂੰ ਅੱਡ-ਅੱਡ ਪਾਇਆ ਜਾਵੇ। ਗਾਰਬੇਜ ਚੁੱਕਣ ਵਾਲੇ ਵਾਲੰਟੀਅਰਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਸਟਾਇਰੋਫੋਮ ਦੀਆਂ ਕੱਪ-ਪਲੇਟਾਂ ਨਾਲੋਂ ਕਾਗਜ਼ ਦੀਆਂ ਕੱਪ-ਪਲੇਟਾਂ ਵਰਤਣ ਨੂੰ ਤਰਜੀਹ ਦਿੱਤੀ ਜਾਵੇ, ਜੋਕਿ ਰੀ-ਸਾਇਕਲ ਕਰਨੀਆਂ ਸੌਖੀਆਂ ਹਨ। ਲੰਗਰ ਦੇ ਸਟਾਲ ਲਗਾਉਣ ਵਾਲੇ ਵੀਰ-ਭੈਣ ਵਰਤਾਉਣ ਅਤੇ ਖਾਣ ਵਾਲਿਆਂ ਦੇ ਹੱਥ ਧੋਣ ਲਈ ਸਾਫ ਪਾਣੀ ਦਾ ਪ੍ਰਬੰਧ ਜ਼ਰੂਰ ਕਰਨ। ਚੁੱਲ੍ਹੇ ਤੋਂ ਪਰੋਪੇਨ ਵਾਲਾ ਸਿਲੰਡਰ 25 ਫੁੱਟ ਦੂਰ ਹੋਣਾ ਚਾਹੀਦਾ ਹੈ। ਫਾਇਰ ਸੇਫਟੀ ਲਈ ਅੱਗ ਬੁਝਾਊ ਯੰਤਰ (ਫਾਇਰ ਐਕਸਟਿੰਗੁਸ਼ਅਰ) ਅਤੇ ਪਾਣੀ ਦੀਆਂ ਕੁਝ ਬਾਲਟੀਆਂ ਕੋਲ ਭਰ ਕੇ ਰੱਖੋ। ਫਰੇਜ਼ਰ ਹੈਲਥ ਅਥਾਰਿਟੀ ਦੇ ਅਧਿਕਾਰੀ ਤੁਹਾਡਾ ਸਟਾਲ ਆ ਕੇ ਚੈੱਕ ਕਰਨਗੇ।
9. ਪੁਲਿਸ ਵਲੋਂ ਹਦਾਇਤ ਕੀਤੀ ਗਈ ਹੈ ਕਿ ਬੱਚੇ ਆਪਣੇ ਛੋਟੇ ਮੋਟਰਸਾਇਕਲ ਜਾਂ ਜੀਪਾਂ ਆਦਿ ਨਗਰ ਕੀਰਤਨ ਵਿੱਚ ਨਾ ਲੈ ਕੇ ਆਉਣ। ਬੇਹੱਦ ਆਵਾਜ਼ ਅਤੇ ਧੂੰਆਂ ਛੱਡਣ ਵਾਲੇ ਮੋਟਰਸਾਇਕਲਾਂ ਦੇ ਲੱਗਣ 'ਤੇ ਪਾਬੰਦੀ ਹੋਵੇਗੀ। ਮੋਟਰਸਾਇਕਲ ਸਵਾਰ ਤੋਂ ਬਗੈਰ ਹੋਰ ਕੋਈ ਮੋਟਰਸਾਇਕਲ 'ਤੇ ਨਹੀਂ ਚੜ੍ਹ ਸਕੇਗਾ।
10. ਨਗਰ ਕੀਰਤਨ ਦੌਰਾਨ ਗੁਬਾਰੇ ਛੱਡਣ ਵਾਲੀਆਂ ਕੰਪਨੀਆਂ ਦੇ ਧਿਆਨ ਹਿਤ ਬੇਨਤੀ ਹੈ ਕਿ ਹਵਾ 'ਚ ਗੈਸ ਵਾਲੇ ਗੁਬਾਰੇ ਨਾ ਛੱਡੇ ਜਾਣ, ਅਕਸਰ ਹੀ ਇਹ ਬਿਜਲੀ ਦੀਆਂ ਵੱਡੀਆਂ ਲਾਇਨਾਂ 'ਚ ਫਸ ਜਾਂਦੇ ਹਨ, ਜਿਸ ਨਾਲ ਬੀ.ਸੀ. ਹਾਈਡਰੋ ਦੇ ਕੰਮ 'ਚ ਕਾਫੀ ਵਿਘਨ ਪੈਂਦਾ ਹੈ। ਇਹ ਗੁਬਾਰੇ ਹਵਾਈ ਜਹਾਜ਼ ਦੇ ਰੇਡਾਰ ਸਿਸਟਮ 'ਚ ਵੀ ਵਿਘਨ ਪਾਉਂਦੇ ਹਨ।

**ਆਓ ! ਆਪਾਂ ਸਾਰੇ ਇਸ ਨਗਰ ਕੀਰਤਨ ਦੀ ਸਫਲਤਾ ਲਈ ਰਲ ਮਿਲ ਕੇ ਕੰਮ ਕਰੀਏ।**

ਟੈਂਟ ਅਤੇ ਲੰਗਰ ਲਗਾਉਣ ਲਈ ਸੰਪਰਕ : ਜਸਰਾਜ ਸਿੰਘ ਸਮਰਾ : 778-321-8012 / ਤੀਰਥ ਸਿੰਘ : 604-721-4325 / ਪ੍ਰਭਜੀਤ ਸਿੰਘ : 778-919-6034

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

9 ਅਪ੍ਰੈਲ ਦਿਨ ਵੀਰਵਾਰ ਸਵੇਰੇ 10 ਵਜੇ ਮਨਿੰਦਰ ਸੰਧੂ ਪਰਿਵਾਰ ਵੱਲੋਂ ਅਨੰਦ ਕਾਰਜ ਦੀ ਰਸਮ ਹੋਵੇਗੀ।

10 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਹਰਦੀਪ ਸਿੰਘ ਰਾਏ ਪਰਿਵਾਰ ਵੱਲੋਂ ਅਨੰਦ ਕਾਰਜ ਦੀ ਰਸਮ ਹੋਵੇਗੀ।

11 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਅੰਮ੍ਰਿਤਪਾਲ ਸਿੰਘ ਢਿੱਲੋਂ ਪਰਿਵਾਰ ਵੱਲੋਂ ਅਨੰਦ ਕਾਰਜ ਦੀ ਰਸਮ ਹੋਵੇਗੀ।

12 ਅਪ੍ਰੈਲ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ,ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

### ਵਿਸ਼ੇਸ਼ ਪ੍ਰੋਗਰਾਮ

12 ਅਪ੍ਰੈਲ ਦਿਨ ਐਤਵਾਰ ਸ਼ਾਮ 5 ਵਜੇ ਖ਼ਾਲਸਾ ਸਾਜਨਾ ਦਿਵਸ ਵੈਸਾਖੀ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ।

13 ਅਪ੍ਰੈਲ ਦਿਨ ਸੋਮਵਾਰ ਸ਼ਾਮ 5 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਹੋਵੇਗੀ।

14 ਅਪ੍ਰੈਲ ਦਿਨ ਮੰਗਲਵਾਰ ਸ਼ਾਮ 5 ਵਜੇ ਖ਼ਾਲਸਾ ਸਾਜਨਾ ਦਿਵਸ ਅਤੇ ਸੰਗਰਾਂਦ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ ਰੱਖੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਗੁਰਬਾਣੀ ਕੀਰਤਨ ਸਮਾਗਮ ਕਥਾ ਵਿਚਾਰ ਸਮਾਗਮ ਹੋਣਗੇ,ਉਪਰੰਤ ਲੰਗਰਾਂ ਦੀ ਸੇਵਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਹੋਵੇਗੀ।

16 ਅਪ੍ਰੈਲ ਦਿਨ ਵੀਰਵਾਰ ਸਵੇਰੇ 10 ਵਜੇ ਰਣਜੀਤ ਸਿੰਘ ਦਿਉਲ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

17 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਕੁਲਵੀਰ ਸਿੰਘ ਭੰਗੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

18 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਪ੍ਰਦੀਪ ਬਰਾੜ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

19 ਅਪ੍ਰੈਲ ਦਿਨ ਐਤਵਾਰ ਸਵੇਰੇ 9:30 ਵਜੇ ਸੁਖਦੇਵ ਸਿੰਘ ਭੁੱਲਰ ਪਰਿਵਾਰ ਵੱਲੋਂ ਹਫ਼ਤਾਵਾਰੀ ਦੀਵਾਨ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਪਾਠ, ਗੁਰਬਾਣੀ ਕੀਰਤਨ ਤੇ ਕਥਾ ਵਿਚਾਰ ਸਮਾਗਮ ਦੀ ਸੇਵਾ ਹੋਵੇਗੀ,ਉਪਰੰਤ ਲੰਗਰਾਂ ਦੀ ਸੇਵਾ ਪਰਿਵਾਰ ਤੇ ਸੰਗਤਾਂ ਦੇ ਸਹਿਯੋਗ ਨਾਲ ਹੋਵੇਗੀ।

20 ਅਪ੍ਰੈਲ ਦਿਨ ਸੋਮਵਾਰ ਸਵੇਰੇ 10 ਵਜੇ ਰਵਿੰਦਰ ਕੌਰ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ।ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ।ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

# ਗੁਰੂ ਗ੍ਰੰਥ ਸਾਹਿਬ ਤੋਂ ਬਗੈਰ ਸਿੱਖਾਂ ਦਾ ਕੋਈ ਹੋਰ ਗੁਰੂ ਨਹੀਂ:ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ

ਲੰਡਨ:ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਿੱਖਾਂ ਦੇ ਗੁਰੂ ਹਨ । ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਬਗੈਰ ਕੋਈ ਦੇਹਧਾਰੀ ਮਨੁੱਖ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ । ਇਹ ਟਿੱਪਣੀ ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਨਾਮਧਾਰੀ ਸੰਪਰਦਾ ਦੇ ਮੁਖੀ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਾਰਮਿਕ ਪੁਸਤਕ ਆਖਣ ਸਬੰਧੀ ਕੀਤੀ ਗਈ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਕਿ ਸਿੱਖ ਦਾ ਸੀਸ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੌਂ ਬਗੈਰ ਕਿਸੇ ਵੀ ਗੁਰੂ ਅਖਵਾਉਂਦੇ ਦੇਹਧਾਰੀ ਵਿਆਕਤੀ ਮੂਹਰੇ ਝੁਕ ਨਹੀਂ ਸਕਦਾ।ਧਾਰਮਿਕ ਪੁਸਤਕ ਜਾਂ ਧਾਰਮਿਕ ਗ੍ਰੰਥ ਤਾਂ ਕਿਸੇ ਵੀ ਲਿਖੀ ਹੋਈ ਧਾਰਮਿਕ ਸਮਰਗੀ ਦੇ ਸਮੂਹ ਨੂੰ ਆਖਿਆ ਜਾ ਸਕਦਾ ਹੈ ਪਰ ਦੁਨੀਆਂ ਭਰ ਵਿੱਚ ਗੁਰੂ ਦਾ ਦਰਜਾ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਾਪਤ ਹੈ ਜੋ ਕਿ ਰਹਿੰਦੀ ਦੁਨੀਆ ਤੱਕ ਕਾਇਮ ਰਹੇਗਾ।

ਸਿੱਖ ਧਰਮ ਇੱਕ ਵਿਲੱਖਣ ਅਤੇ ਉੱਚ ਆਤਮਿਕ ਸੋਚ ਵਾਲਾ ਧਰਮ ਹੈ, ਜਿਸਦਾ ਕੇਂਦਰ ਅਕਾਲ ਪੁਰਖ ਦਾ ਨਾਮ ਅਤੇ ਗੁਰਬਾਣੀ ਹੈ। ਇਸ ਧਰਮ ਵਿੱਚ ਸਭ ਤੋਂ ਮਹੱਤਵਪੂਰਨ ਸਿਧਾਂਤ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਦੀਵੀ ਗੁਰੂ ਹਨ, ਅਤੇ ਕੋਈ ਵੀ ਦੇਹਧਾਰੀ ਮਨੁੱਖ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦਾ।ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1708 ਵਿੱਚ ਸਿੱਖ ਜਗਤ ਨੂੰ ਹੁਕਮ ਕੀਤਾ ਕਿ ਉਨ੍ਹਾਂ ਤੋਂ ਬਾਅਦ ਕੋਈ ਵੀ ਮਨੁੱਖ ਗੁਰੂ ਨਹੀਂ ਹੋਵੇਗਾ ਅਤੇ ਗੁਰਤਾ ਗੱਦੀ ਸਦਾ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਗਈ। ਗੁਰੂ ਸਾਹਿਬ ਦੇ ਇਸ ਹੁਕਮ ਨੇ ਸਿੱਖ ਧਰਮ ਨੂੰ ਇੱਕ ਅਟੱਲ ਦਿਸ਼ਾ ਦਿੱਤੀ ਅਤੇ ਗੁਰੂ ਦੀ ਪਰਿਭਾਸ਼ਾ ਨੂੰ ਸਦਾ ਲਈ ਗੁਰਬਾਣੀ ਨਾਲ ਜੋੜ ਦਿੱਤਾ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖਾ ਜੀਵਨ ਦਾ ਸੰਪੂਰਨ ਮਾਰਗਦਰਸ਼ਕ ਹੈ। ਇਸ ਵਿੱਚ ਸਿੱਖ ਗੁਰੂਆਂ ਦੀ ਬਾਣੀ ਦੇ ਨਾਲ ਨਾਲ ਭਗਤਾਂ ਅਤੇ ਸੰਤਾਂ ਦੀ ਬਾਣੀ ਵੀ ਦਰਜ ਹੈ। ਜੋ ਮਨੁੱਖਤਾ ਨੂੰ ਨਿਮਰਤਾ, ਸੇਵਾ, ਅਤੇ ਵਾਹਿਗੁਰੂ ਨਾਲ ਜੋੜਨ ਦਾ ਸਹੀ ਰਾਹ ਦਿਖਾਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਕਿਸੇ ਇੱਕ ਮਨੁੱਖ ਦੀ ਸੋਚ ਨਹੀ ਹੈ। ਇਸ ਲਈ ਕੋਈ ਵੀ ਦੇਹਧਾਰੀ ਮਨੁੱਖ ਇਸ ਦੀ ਬਰਾਬਰੀ ਨਹੀਂ ਕਰ ਸਕਦਾ।

ਇਨਸਾਨ ਹੋਣ ਕਰਕੇ ਹਰ ਦੇਹਧਾਰੀ ਮਨੁੱਖ ਵਿੱਚ ਕੁਝ ਨਾ ਕੁਝ ਕਮੀ ਹੋਣੀ ਸੁਭਾਵਿਕ ਹੈ। ਉਹ ਗਲਤੀਆਂ ਵੀ ਕਰ ਸਕਦਾ ਹੈ, ਉਸਦੇ ਵਿਚਾਰ ਵੀ ਸਮੇਂ ਦੇ ਨਾਲ ਬਦਲ ਸਕਦੇ ਹਨ ਅਤੇ ਉਹ ਸੰਪੂਰਨ ਨਹੀਂ ਹੁੰਦਾ। ਇਸਦੇ ਉਲਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਟੱਲ, ਸਦਾ ਸੱਚੀ ਅਤੇ ਅਪਰਿਵਰਤਨਸ਼ੀਲ ਹੈ। ਸਿੱਖੀ ਸਾਨੂੰ ਇਹ ਵੀ ਸਿਖਾਉਂਦੀ ਹੈ ਕਿ ਅਸੀਂ ਕਿਸੇ ਵਿਅਕਤੀ ਦੀ ਅੰਧ ਭਗਤੀ ਨਾ ਕਰੀਏ। ਜੇ ਕੋਈ ਮਨੁੱਖ ਆਪਣੇ ਆਪ ਨੂੰ ਗੁਰੂ ਦੱਸਦਾ ਹੈ ਜਾਂ ਗੁਰੂ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਹ ਸਿੱਖ ਮਰਯਾਦਾ ਦੇ ਖਿਲਾਫ ਹੈ।ਸਿੱਖ ਧਰਮ ਵਿੱਚ ਸਾਰੇ ਮਨੁੱਖ ਬਰਾਬਰ ਹਨ। ਕੋਈ ਵੀ ਵਿਅਕਤੀ ਉੱਚਾ ਜਾਂ ਨੀਵਾਂ ਨਹੀਂ ਹੈ। ਪਰ ਗੁਰੂ ਦਾ ਦਰਜਾ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹੈ। ਜਿਹੜੇ ਵਿਆਕਤੀ ਜਾਣੇ ਅਣਜਾਣੇ ਦੇਹਧਾਰੀ ਗੁਰੂਡੰਮ ਵਿੱਚ ਉਲਝੇ ਹੋਏ ਹਨ , ਉਹ ਨਿਰਸੰਦੇਹ ਸਿੱਖ ਕੌਮ ਦੇ ਖੈਰ ਖਵਾਹ ਨਹੀਂ ਹੋ ਸਕਦੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਸਿੱਖ ਜਗਤ ਨੂੰ ਅਜਿਹੇ ਵਿਵਾਦ ਨਕਾਰਦਿਆਂ ਅਜਾਦ ਸਿੱਖ ਰਾਜ ਖਾਲਿਸਤਾਨ ਲਈ ਸੰਘਰਸ਼ਸ਼ੀਲ ਹੋਣ ਦੀ ਸਨਿਮਰ ਅਪੀਲ ਕੀਤੀ ਗਈ ਹੈ।

## ਪੰਜਾਬ ਨੈਸ਼ਨਲ ਬੈਂਕ ਡਕੈਤੀ ’ਚ ਸ਼ਾਮਲ ਸਾਬਕਾ ਡੀਐਸਪੀ ਦਾ ਪੁੱਤ ਗ੍ਰਿਫ਼ਤਾਰ

## ਮੁਲਜ਼ਮ ਤੋਂ ਇੱਕ ਪਿਸਤੌਲ ਅਤੇ 3 ਲੱਖ ਰੁਪਏ ਹੋਏ ਬਰਾਮਦ

ਜਲੰਧਰ: ਲੰਘੇ ਦਿਨੀਂ ਦੋ ਲੁਟੇਰਿਆਂ ਨੇ ਜਲੰਧਰ ਦੇ ਭੀੜ-ਭਾੜ ਵਾਲੇ ਇਲਾਕੇ ’ਚ ਸਥਿਤ ਬੈਂਕ ਐਨਕਲੇਵ ਵਿਚ ਪੰਜਾਬ ਨੈਸ਼ਨਲ ਬੈਂਕ ਵਿਚ ਦਿਨ-ਦਿਹਾੜੇ ਡਕੈਤੀ ਕੀਤੀ ਸੀ। ਪੁਲਿਸ ਨੇ ਕੁਝ ਘੰਟਿਆਂਵਿਚ ਹੀ ਇਸ ਡਕੈਤੀ ਦਾ ਪਤਾ ਲਗਾ ਲਿਆ। ਪੁਲਿਸ ਨੇ ਅਪਰਾਧ ਵਿਚ ਸ਼ਾਮਿਲ ਲੁਟੇਰੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਚੋਰੀ ਕੀਤੀ ਨਕਦੀ ਅਤੇ ਹਥਿਆਰ ਬਰਾਮਦ ਕਰ ਲਏ ਹਨ। ਦੋਸ਼ੀ ਲੁਟੇਰਾ ਸਿਮਰਨਜੀਤ ਸਿੰਘ ਜਲੰਧਰ ਦੇ ਇਕ ਪਾਸ਼ ਖੇਤਰ ਗ੍ਰੀਨ ਮਾਡਲ ਟਾਊਨ ਦਾ ਰਹਿਣ ਵਾਲਾ ਹੈ ਤੇ ਸੇਵਾਮੁਕਤ ਡੀ.ਐਸ.ਪੀ. ਸਿੰਘ ਦਾ ਪੁੱਤਰ ਹੈ।

## ਦੁਬਈ ‘ਚ ਗੁਰਦੁਆਰਾ, ਮੰਦਰ ਤੇ ਚਰਚ ਬੰਦ

ਦੁਬਈ: ਜੰਗੀ ਤਣਾਅ ਕਾਰਨ ਦੁਬਈ ਪ੍ਰਸ਼ਾਸਨ ਨੇ ਸੁਰੱਖਿਆ ਦੇ ਮੱਦੇਨਜ਼ਰ ਗੁਰੂ ਨਾਨਕ ਦਰਬਾਰ ਗੁਰਦੁਆਰਾ, ਹਿੰਦੂ ਮੰਦਰਾਂ ਅਤੇ ਕਈ ਚਰਚਾਂ ਨੂੰ ਅਗਲੇ ਹੁਕਮਾਂ ਤੱਕ ਅਸਥਾਈ ਤੌਰ ‘ਤੇ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ।ਗੁਰੂ ਨਾਨਕ ਦਰਬਾਰ ਗੁਰਦੁਆਰਾ ਦੁਬਈ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਨੂੰ ਕਮਿਊਨਿਟੀ ਡਿਵੈਲਪਮੈਂਟ ਅਥਾਰਟੀ ਵੱਲੋਂ ਬੰਦ ਕਰਨ ਦੇ ਨਿਰਦੇਸ਼ ਮਿਲੇ ਹਨ। ਇਹ ਕਦਮ ਸੁਰੱਖਿਆ ਕਾਰਨਾਂ ਕਰਕੇ ਸਾਵਧਾਨੀ ਵਜੋਂ ਚੁੱਕਿਆ ਗਿਆ ਹੈ। ਸ੍ਰੀ ਕ੍ਰਿਸ਼ਨਾ ਮੰਦਰ ਨੂੰ ਵੀ ਅਗਲੇ ਨੋਟਿਸ ਤੱਕ ਅਸਥਾਈ ਤੌਰ ‘ਤੇ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ।

SUPER SANDHU
ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚੋਂ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ

*Seat Covers *Matts
*Woofers & Ambient Lights
*Android Car Player Available

Especially For Uber & Lyft Camera
778-977-0032, 778-713-6949
#5-12357-82A Ave, Surrey, BC

# ਮੇਰੀ ਪੰਜਾਬ ਫੇਰੀ





**ਰਿਚਮੰਡ (ਬਲਵੰਤ ਸਿੰਘ ਸੰਘੇੜਾ)**

ਮੇਰੀ ਪਤਨੀ ਬਲਦੇਵ ਕੌਰ ਸੰਘੇੜਾ ਅਤੇ ਮੈਂ ਤਕਰੀਬਨ ਹਰ ਸਾਲ ਪੰਜਾਬ ਦਾ ਚੱਕਰ ਲਾ ਆਉਂਦੇ ਹਾਂ।ਪਿਛਲੇ ਸਾਲ ਕੁਝ ਕਾਰਨਾਂ ਕਰਕੇ ਅਸੀਂ ਜਾ ਨਹੀਂ ਸਕੇ। ਸੋ ਇਸ ਸਾਲ ਜਨਵਰੀ ਵਿਚ ਹੀ ਅਸੀਂ ਇਸ ਫੇਰੀ ਦੀ ਯੋਜਨਾਂ ਬਨਾਉਣੀ ਸ਼ੁਰੂ ਕਰ ਦਿੱਤੀ।23 ਫਰਵਰੀ ,ਨੂੰ ਏਅਰ ਇੰਡੀਆ ਦੀ ਵੈਨਕੋਵਰ ਤੋਂ ਦਿੱਲੀ ਦੀ ਉਡਾਨ ਲਈ ਸਵੇਰੇ ਹੀ ਅਸੀਂ ਵੈਨਕੋਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਪੁਹੰਚ ਗਏ।ਇਸ ਉਡਾਨ ਦੇ ਯਾਤਰੀ ਤਕਰੀਬਨ 90% ਪੰਜਾਬੀ ਸਨ।ਜਦੋਂ ਜਹਾਜ ਵਿਚ ਚੜ੍ਹਨ ਦਾ ਸਮਾਂ ਆਇਆ ਤਾਂ ਏਰਲਾਈਨ ਦੇ ਬੁਲਾਰੇ ਵਲੋਂ ਅੰਗਰੇਜੀ ਦੇ ਨਾਲ ਪੰਜਾਬੀ ਵਿਚ ਭੀ ਯਾਤਰੀਆਂ ਨੂੰ ਜਹਾਜ ਚੜ੍ਹਨ ਲਈ ਕਿਹਾ ਗਿਆ।

ਇਹ ਸਾਡੇ ਲਈ ਬਹੁਤ ਖੁਸ਼ੀ ਦੀ ਗੱਲ ਹੈ ਕਿ ਈਅਰ ਇੰਡੀਆ ਵਲੋਂ ਸਾਡੀ ਮਾਂ ਬੋਲੀ ਪੰਜਾਬੀ ਨੂੰ ਇਹ ਮਾਣ ਦਿੱਤਾ ਗਿਆ।ਉਡਾਨ ਸਮੇਂ ਸਿਰ ਹੀ ਦਿੱਲੀ ਲਈ ਰਵਾਨਾਂ ਹੋ ਗਈ।

ਕੁੱਝ ਕਾਰਨਾਂ ਕਰਕੇ ਇਹ ਉਡਾਨ ਆਸਟਰੀਆ ਰਾਹੀਂ ਗਈ। ਇਸ ਲਈ ਇਸ ਨੂੰ ਕਝ ਸਮੇਂ ਲਈ ਕਰੂ ਦੀ ਬਦਲੀ ਅਤੇ ਗੈਸ/ਤੇਲ ਲੈਣ ਲਈ ਰੁਕਣਾ ਪਿਆ।ਤਕਰੀਬਨ 20 ਘੰਟੇ ਬਾਅਦ ਅਸੀਂ ਅੱਧੀ ਰਾਤ ਹੋਏ ਦਿੱਲੀ ਏਅਰਪੋਰਟ ਤੇ ਪੁੱਜ ਗਏ।

ਇੰਮੀਗਰੇਸ਼ਨ ਆਦਿ ਕਰਵਾ ਕੇ ਅਤੇ ਆਪਣਾ ਸਮਾਨ ਚੁੱਕ ਕੇ ਸਵੇਰੇ ਇੱਕ ਵਜੇ ਦੇ ਕਰੀਬ ਅਸੀਂ ਪਿੰਡੋਂ ਆਈ ਕਾਰ ਵਿਚ ਦਿੱਲੀ ਤੋਂ ਆਪਣੇ ਪਿੰਡ ਵਲ ਚਾਲੇ ਪਾ ਦਿੱਤੇ।ਦਿੱਲੀ ਤੋਂ ਕਿਨਲਦੇ ਸਾਰ ਹੀ ਸੜਕ ਦੇ ਦੋਨੋ ਪਾਸੇ ਬਹੁਤ ਹੀ ਸ਼ਾਨਦਾਰ ਢਾਬਿਆਂ ਦੀਆਂ ਰੌਣਕਾਂ ਲੱਗੀਆਂ ਹੋਈਆਂ ਸਨ।ਇਹਨਾਂ ਢਾਬਿਆਂ ਵਿਚ ਬੈਠ ਕੇ ਪਰੌਂਠੇ ਖਾਣ ਦਾ ਅਤੇ ਨਾਲ ਹੀ ਚਾਹ ਪੀਣ ਦਾ ਵੱਖਰਾ ਹੀ ਆਨੰਦ ਹੈ।ਦੋ ਵੱਖਰੇ ਵੱਖਰੇ ਢਾਬਿਆਂ ਤੇ ਰੁਕ ਕੇ ਸਵੇਰੇ ਦਸ ਵਜੇ ਅਸੀਂ ਆਪਣੇ ਪਿੰਡ ਫਰਵਾਲੇ (ਜਿਲਾ ਜਲੰਧਰ) ਵਿਖੇ ਪਹੁੰਚ ਗਏ।

ਰਸਤੇ ਵਿਚ ਹਰਿਆਣਾਂ ਅਤੇ ਪੰਜਾਬ ਦੇ ਹਰੇ ਭਰੇ ਕਣਕ ਦੇ ਖੇਤਾਂ ਦਾ ਇਕ ਬਹੁਤ ਹੀ ਸੂੰਦਰ ਅਤੇ ਮਨ ਨੂੰ ਖੁਸ਼ ਕਰਨ ਵਾਲਾ ਦਰਿਸ਼ ਸੀ।ਘਰ ਪਹੁੰਚ ਦਿਆਂ ਹੀ ਸਾਡੇ ਰਿਸ਼ਤੇਦਾਰਾਂ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਸਾਡਾ ਸਵਾਗਤ ਕੀਤਾ।

ਆਪਣੀ ਇਸ ਫੇਰੀ ਦੌਰਾਨ ਮੈਨੂੰ ਪੰਜਾਬ ਦੇ ਕਾਫੀ ਪਿੰਡਾਂ ਵਿਚ ਜਾਣ ਦਾ ਮੌਕਾ ਮਿਲਿਆ। ਮੇਰੇ ਦੇਖਣ ਵਿਚ ਪਿਛਲੇ ਕੁਝ ਸਾਲਾਂ ਵਿਚ ਸਾਡੇ ਪਿੰਡਾਂ ਦੀ ਨੁਹਾਰ ਬਿਲਕੁਲ ਬਦਲ ਗਈ ਹੈ।ਪਿੰਡਾਂ ਵਿਚ ਹੁਣ ਬਹੁਤ ਘੱਟ ਨੌਜਵਾਨ ਦਿਸਦੇ ਹਨ।ਵੈਸੇ ਭੀ ਕਾਫੀ ਘਰ ਅਤੇ ਕੋਠੀਆਂ ਖਾਲੀ ਪਈਆਂ ਹਨ।ਵੈਸੇ ਭੀ ਪਿੰਡਾਂ ਦੀਆਂ ਪੁਰਾਣੀਆਂ ਰੌਣਕਾਂ ਅਤੇ ਮਹਿਫਲਾਂ ਹੁਣ ਸੁਪਨਾਂ ਹੀ ਹੋ ਗਈਆਂ ਹਨ।ਕੁਝ ਦਿਨ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮਿਲਣ ਤੋਂ ਬਾਅਦ ਅਸੀਂ ਕੁਝ ਇਤਿਹਾਸਕ ਪੱਖੋਂ ਮਹੱਤਵ ਪੂਰਨ ਅਸਥਾਨਾਂ ਨੂੰ ਦੇਖਣ ਦਾ ਪ੍ਰੋਗਰਾਮ ਬਣਾਇਆ। ਇਹਨਾਂ ਵਿਚ ਰਾਹੋਂ,ਖਟਕਰ ਕਲਾਂ ਅਤੇ ਜੇਜੋਂ ਦੀ ਚੋਣ ਕੀਤੀ। ਇਹਨਾਂ ਇਤਿਹਾਸਕ ਥਾਵਾਂ ਵਾਰੇ ਅਗਲੇ ਲੇਖ ਵਿਚ ਚਰਚਾ ਕਰਾਂਗਾ।

ਸਾਡੇ ਜਾਂਦਿਆਂ ਨੂੰ ਮੌਸਮ ਕਾਫੀ ਗਰਮ ਸੀ। ਪਰ ਛੇਤੀ ਹੀ ਮੀਂਹ ਪੈਣ ਨਾਲ ਮੌਸਮ ਕਾਫੀ ਸੁਹਾਵਣਾਂ ਹੋ ਗਿਆਂ। ਵੈਸੇ ਭੀ ਮਾਰਚ ਦਾ ਮਹੀਨਾਂ ਮੌਸਮ ਪੱਖੋਂ ਕਾਫੀ ਚੰਗਾ ਸਮਝਿਆਂ ਜਾਂਦਾ ਹੈ। ਇਸ ਚੰਗੇ ਮੌਸਮ ਦਾ ਅਸੀਂ ਪੂਰਾ ਆਨੰਦ ਮਾਣਿਆ।

**-ਚਲਦਾ**

# ਟਰੰਪ ਦੀ ਟੰਗ (ਜੀਭ) ਤੇ ਸ਼ੇਅਰ ਮਾਰਕਿਟ




ਟਰੰਪ ਨਾਲ ਪਹਿਲਾਂ ਹੀ ਕਈ 'ਟੀ' (T) ਜੁੜੀਆਂ ਹੋਈਆਂ ਹਨ। ਜਿਵੇਂ Trump, Trade , Tarrif ਤੇ ਹੁਣ ਇੱਕ ਹੋਰ (T) ਚਰਚਾ ਚ ਹੈ ਉਹ ਹੈ Tongue ਮਤਲਬ Trump's Tongue ਜੋ ਕਿਸੇ ਲਈ ਕਾਲੀ ਹੈ ਤੇ ਕਿਸੇ ਲਈ ਭਾਗਾਂ ਵਾਲੀ। ਇਹ ਜਿੰਨੀ ਤੇਜ਼ ਤਰਾਰ ਤੇ ਤਿੱਖੀ ਹੈ ਉਨੀ ਹੀ ਚੰਚਲ ਤੇ ਅਨਿਸ਼ਚਿਤ ਹੈ । ਇਸ ਵਾਰੇ ਵੱਡੇ ਵੱਡੇ ਮਾਹਿਰ ਵੀ ਅੰਦਾਜ਼ਾ ਨਹੀਂ ਲਗਾ ਸਕਦੇ।

ਕਹਿਣ ਨੂੰ ਤਾਂ ਵੱਡੇ ਵੱਡੇ ਅਰਥ ਸ਼ਾਸਤਰੀ ਸਮਾਜ ਸ਼ਾਸਤਰੀ ਜਾਂ ਹੋਰ ਵੀ ਅਜਿਹੇ ਲੋਕ ਬੜੇ ਮੁੱਦਿਆਂ ਤੇ ਤਾਕਤਾਂ ਦੀ ਗੱਲ ਕਰਦੇ ਹਨ ਜੋ ਕਿ ਸ਼ੇਅਰ ਬਾਜ਼ਾਰ ਜਾਂ ਮਾਰਕੀਟ ਨੂੰ ਕੰਟਰੋਲ ਜਾਂ ਪ੍ਰਭਾਵਤ ਕਰਦੇ ਹਨ।ਪਰ ਜਦੋਂ ਟਰੰਪ ਪਹਿਲਾਂ ਵੀ ਸੱਤਾ ਚ ਸੀ ਤੇ ਹੁਣ ਵੀ ਜਦੋਂ ਦਾ ਸੱਤਾ ਚ ਹੈ ਤਾਂ ਸਿਰਫ ਉਸ ਦੀ ਬਿਆਨਬਾਜ਼ੀ ਹੀ ਹੈ ਜੋ ਮਾਰਕਿਟ ਨੂੰ ਭੁਆਟਣੀਆਂ ਖੁਵਾ ਦਿੰਦੀ ਹੈ। ਜਿਵੇਂ ਪੰਜਾਬੀ ਚ ਕਹਿੰਦੇ ਨੇ ਫਲਾਣੇ ਦੀ ਜੀਭ ਕਾਲੀ ਹੈ, ਪਰ ਟਰੰਪ ਦੀ ਜੀਭ ਜੇ ਕਿਸੇ ਲਈ ਕਾਲੀ ਹੋ ਨਿੱਬੜਦੀ ਹੈ ਤੇ ਕਈਆਂ ਲਈ ਭਾਗਾਂ ਵਾਲੀ।ਟਰੰਪ ਦੀ ਜੀਭ ਮੂਹਰੇ ਸਾਰੀਆਂ ਥਿਊਰੀਆਂ ਸਾਰੇ ਸਿਧਾਂਤ ਫੋਰਸਾਂ ਫੇਲ ਨੇ।ਜਿਹੜੀਆਂ ਸੈਂਕੜੇ ਕਿਤਾਬਾਂ ਪੇਪਰਾਂ ਚ ਲੱਖਾਂ ਵਿਦਵਾਨਾਂ ਖੋਜਕਾਰਾਂ ਤੇ ਮਾਰਕਿਟ ਤੇ ਮਾਹਿਰਾਂ ਵੱਲੋਂ ਲਿਖੀਆਂ ਗਈਆਂ ਹਨ ਸੱਭ ਫੇਲ੍ਹ ਸਾਬਤ ਹੋ ਰਹੀਆਂ ਹਨ। ਯੂਨੀਵਰਸਿਟੀਆਂ ਦੇ ਵੱਡੇ ਵੱਡੇ ਸਕਾਲਰ, ਅਖ਼ਬਾਰ ਤੇ ਰਸਾਲੇ ਹਾਸੋਹੀਣੇ ਹੋਏ ਪਏ ਹਨ। ਉਸਦੀ ਬੋਲੀ ਇਕ ਲਾਇਨ, ਇਕ ਫ਼ਿਕਰਾ,ਬਿਆਨ ਦੁਨੀਆ ਦੀ ਮਾਰਕਿਟ ਨੂੰ ਉੱਪਰੋਂ ਥੱਲੇ ਕਰ ਦਿੰਦਾ ਹੈ। ਕਈਆਂ ਨੂੰ ਨੰਗ ਤੇ ਕਈਆਂ ਨੂੰ ਮਾਲਾਮਾਲ। ਪਿਛਲੇ ਦਿਨੀ ਦਿੱਤਾ ਬਿਆਨ ਤੇਲ ਦੀਆਂ ਕੀਮਤਾਂ ਨੂੰ ਅਸਮਾਨੀ ਚੜ੍ਹਾ ਗਿਆ ਤੇ ਕਈਆਂ ਦੀ ਲੁਟੀਆ ਡਬੋ ਗਿਆ।

# ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਇਰਾਨ 'ਤੇ ਕੀਤੇ ਜਾ ਰਹੇ ਜੰਗੀ ਜੁਰਮਾਂ ਦੀ ਨਿਖੇਧੀ

TARKSHEEL SOCIETY OF CANADA

ਸਰੀ (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਕੈਨੇਡਾ ਨੇ ਅਮਰੀਕਾ ਅਤੇ ਇਸਰਾਈਲ ਵੱਲੋਂ ਇਰਾਨ ਵਿੱਚ ਕੀਤੇ ਜਾ ਰਹੇ ਫੌਜੀ ਹਮਲਿਆਂ ਨੂੰ 'ਜੰਗੀ ਜੁਰਮ' ਕਰਾਰ ਦਿੰਦਿਆਂ ਇਨ੍ਹਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੁਸਾਇਟੀ ਨੇ ਸੰਕਟ ਦੀ ਇਸ ਘੜੀ ਵਿੱਚ ਇਰਾਨੀ ਲੋਕਾਂ ਨਾਲ ਇੱਕਜੁੱਟਤਾ ਪ੍ਰਗਟਾਉਂਦਿਆਂ ਹਮਲਿਆਂ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਹੈ।ਸੁਸਾਇਟੀ ਦੀ ਕੌਮੀ ਕਮੇਟੀ ਦੀ ਮੀਟਿੰਗ ਦੌਰਾਨ ਪਾਸ ਕੀਤੇ ਗਏ ਇੱਕ ਮਤੇ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਹਮਲੇ ਸਿਰਫ਼ ਖੇਤਰੀ ਟਕਰਾਅ ਨਹੀਂ, ਸਗੋਂ ਇਸ ਦੇ ਪਿੱਛੇ ਅਮਰੀਕੀ ਸਾਮਰਾਜ ਅਤੇ ਇਸਰਾਈਲ ਦੀ ਇਰਾਨ ਅਤੇ ਖਾੜੀ ਦੇਸ਼ਾਂ ਦੇ ਕੁਦਰਤੀ ਸਰੋਤਾਂ 'ਤੇ ਕਬਜ਼ਾ ਕਰਨ ਦੀ ਵਿਸਥਾਰਵਾਦੀ ਨੀਤੀ ਕੰਮ ਕਰ ਰਹੀ ਹੈ। ਮਤੇ ਵਿੱਚ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਗਈ ਕਿ ਇਨ੍ਹਾਂ ਹਮਲਿਆਂ ਕਾਰਨ ਨਾ ਸਿਰਫ਼ ਇਰਾਨ ਵਿੱਚ ਤਬਾਹੀ ਮਚੀ ਹੈ, ਸਗੋਂ ਇਸ ਦਾ ਸਿੱਧਾ ਅਸਰ ਦੁਨੀਆ ਭਰ ਦੀ ਅਰਥਵਿਵਸਥਾ 'ਤੇ ਪਿਆ ਹੈ। ਤੇਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਹੋਏ ਬੇਤਹਾਸ਼ਾ ਵਾਧੇ ਨੇ ਆਮ ਲੋਕਾਂ ਅਤੇ ਖਾਸ ਕਰਕੇ ਗਰੀਬ ਵਰਗ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ।ਤਰਕਸ਼ੀਲ ਸੁਸਾਇਟੀ ਨੇ ਦੁਨੀਆ ਭਰ ਵਿੱਚ ਅਮਰੀਕਾ-ਇਸਰਾਈਲ ਦੀਆਂ ਨੀਤੀਆਂ ਖ਼ਿਲਾਫ਼ ਉੱਠ ਰਹੀ ਲੋਕ ਲਹਿਰ ਨੂੰ ਇੱਕ ਹਾਂ-ਪੱਖੀ ਵਰਤਾਰਾ ਦੱਸਿਆ ਹੈ। ਸੁਸਾਇਟੀ ਨੇ ਕਿਹਾ ਕਿ ਫ਼ਲਸਤੀਨੀ ਲੋਕਾਂ ਦੇ ਕਤਲੇਆਮ ਅਤੇ ਹੁਣ ਇਰਾਨ 'ਤੇ ਹਮਲਿਆਂ ਲਈ ਜ਼ਿੰਮੇਵਾਰ 'ਟਰੰਪ-ਨੇਤਨਯਾਹੂ' ਦੀ ਜੁੰਡਲੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।ਤਰਕਸ਼ੀਲ ਸੁਸਾਇਟੀ ਕੈਨੇਡਾ ਨੇ ਸੰਯੁਕਤ ਰਾਸ਼ਟਰ ਅਤੇ ਵਿਸ਼ਵ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਚੁੱਪੀ ਤੋੜਨ ਅਤੇ ਇਨ੍ਹਾਂ ਹਮਲਿਆਂ ਨੂੰ ਤੁਰੰਤ ਰੁਕਵਾਉਣ ਲਈ ਅਮਲੀ ਕਦਮ ਚੁੱਕਣ, ਤਾਂ ਜੋ ਖੇਤਰੀ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ ਜਾ ਸਕੇ।





DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*

Certified Electrician, Builder, Construction & Development

ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236

daljitsinghdhami@gmail.com



ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

ਲੱਖੀ ਰੈਨੋਵੇਸ਼ਨ



- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ

15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206

lakhwindersembhi@yahoo.ca



STORM

ELECTRIC LTD.

Residential & Commercial

Licenced & Bonded

*All Kinds Of Electrical Service
*Best Rate
*Friendly Service
*Quality Workmanship

Mandeep Dhaliwal

(Certified Electrician)

778-994-7207

Email:stormelectricltd@gmail.com



Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations


- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413

sanjeevkumarsk52@gmail.com

# ਵੈਨਕੂਵਰ ਵਿਚਾਰ ਮੰਚ ਵੱਲੋਂ ਸ਼ਾਇਰ ਰਵਿੰਦਰ ਸਹਿਰਾਅ ਅਤੇ ਹਰਦਿਆਲ ਸਿੰਘ ਚੀਮਾ ਨਾਲ ਸਾਹਿਤਕ ਮਿਲਣੀ



ਸਰੀ(ਹਰਦਮ ਮਾਨ)-ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਵੈਨਕੂਵਰ ਵਿਚਾਰ ਮੰਚ ਵੱਲੋਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਆਏ ਨਾਮਵਰ ਸ਼ਾਇਰ ਰਵਿੰਦਰ ਸਹਿਰਾਅ ਅਤੇ ਸਿਆਟਲ ਤੋਂ ਬਹੁਪੱਖੀ ਸਾਹਿਤਕਾਰ ਹਰਦਿਆਲ ਸਿੰਘ ਚੀਮਾ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਸਾਹਿਤਕ ਮਿਲਣੀ ਵਿਚ ਹਰਦਿਆਲ ਸਿੰਘ ਚੀਮਾ ਨੇ ਆਪਣੀਆਂ ਸਾਹਿਤਕ ਅਤੇ ਨਿੱਜੀ ਪ੍ਰਾਪਤੀਆਂ ਜ਼ਿਕਰ ਕਰਦਿਆਂ ਆਪਣੀ ਸਵੈ-ਜੀਵਨੀ ਦੇ ਕੁਝ ਅੰਸ਼ਾਂ ਰਾਹੀਂ ਹਾਜ਼ਰੀਨ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਆਪਣੇ ਬਚਪਨ ਦੇ ਸੰਘਰਸ਼ਮਈ ਦਿਨਾਂ, ਕਲਕੱਤਾ ਵਿਖੇ ਕੀਤੀ ਨਿੱਜੀ ਨੌਕਰੀ ਅਤੇ ਬਾਅਦ ਵਿੱਚ ਇੰਡੀਅਨ ਏਅਰਲਾਈਨਜ਼ ਵਿੱਚ ਨਿਭਾਈਆਂ ਲੰਬੀਆਂ ਸਰਕਾਰੀ ਸੇਵਾਵਾਂ ਦੇ ਤਜ਼ਰਬਿਆਂ ਨੂੰ ਵਿਸਥਾਰ ਨਾਲ ਸਾਂਝਾ ਕੀਤਾ। ਇਸੇ ਲੜੀ ਵਿੱਚ ਸਰੀ ਦੇ ਵਸਨੀਕ ਅਤੇ ਇੰਡੀਅਨ ਏਅਰ ਫੋਰਸ ਤੋਂ ਸੇਵਾ ਮੁਕਤ ਅਧਿਕਾਰੀ ਰਣਜੀਤ ਸਿੰਘ ਚੀਮਾ ਨੇ ਆਪਣੀ ਜ਼ਿੰਦਗੀ ਦੇ ਅਹਿਮ ਪੜਾਵਾਂ ਬਾਰੇ ਗੱਲਬਾਤ ਕੀਤੀ।

ਉਨ੍ਹਾਂ ਆਪਣੇ ਸਕੂਲੀ ਜੀਵਨ ਦੇ ਕਿੱਸੇ, ਏਅਰ ਫੋਰਸ ਵਿੱਚ ਭਰਤੀ ਹੋਣ ਦੀ ਪ੍ਰੇਰਨਾਦਾਇਕ ਕਹਾਣੀ ਅਤੇ ਫੌਜੀ ਸੇਵਾ ਦੌਰਾਨ ਵਾਪਰੇ ਯਾਦਗਾਰੀ ਪਲ ਸਾਂਝਾ ਕਰਦਿਆਂ ਮਹਿਫਲ ਵਿੱਚ ਰੰਗ ਬੰਨ੍ਹ ਦਿੱਤਾ। ਸਮਾਗਮ ਦੇ ਦੂਜੇ ਪੜਾਅ ਵਿੱਚ ਸ਼ਾਇਰ ਰਵਿੰਦਰ ਸਹਿਰਾਅ ਨੇ ਆਪਣੀ ਸਾਹਿਤਕ ਯਾਤਰਾ ਬਾਰੇ ਚਰਚਾ ਕਰਦਿਆਂ ਆਪਣੀਆਂ ਚਰਚਿਤ ਪੁਸਤਕਾਂ 'ਲਾਹੌਰ ਨਾਲ ਗੱਲਾਂ' ਅਤੇ 'ਸੁਰਖ਼ ਰਾਹਾਂ ਦੇ ਹਮਸਫ਼ਰ' ਦੇ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਈ। ਇਸ ਦੌਰਾਨ ਮੋਹਨ ਗਿੱਲ ਨੇ ਹਾਲ ਹੀ ਵਿੱਚ ਕੀਤੇ ਆਪਣੇ ਪੰਜਾਬ ਦੌਰੇ ਦੇ ਤਜਰਬੇ ਅਤੇ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਵਿਚਾਰ ਪੇਸ਼ ਕੀਤੇ। ਇਸ ਮਿਲਣੀ ਵਿੱਚ ਅੰਗਰੇਜ਼ ਸਿੰਘ ਬਰਾੜ, ਗੁਰਮੇਲ ਸਿੰਘ ਰਾਏ ਅਤੇ ਹਰਦਮ ਸਿੰਘ ਮਾਨ ਸਮੇਤ ਕਈ ਹੋਰ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਵੈਨਕੂਵਰ ਵਿਚਾਰ ਮੰਚ ਵੱਲੋਂ ਅੰਗਰੇਜ਼ ਸਿੰਘ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਇਸ ਮਿਲਣੀ ਨੂੰ ਸਾਹਿਤਕ ਸਾਂਝ ਮਜ਼ਬੂਤ ਕਰਨ ਵਾਲਾ ਉਪਰਾਲਾ ਦੱਸਿਆ।

# HOME IMPROVEMENT


SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੇਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਰੂਸ ਇਜ਼ਰਾਈਲ ਦੇ ਊਰਜਾ ਗਰਿੱਡ ‘ਤੇ ਹਮਲੇ ਕਰਨ ਲਈ ਰੂਸ ਵੱਲੋਂ ਈਰਾਨ ਨੂੰ ਖੁਫੀਆ ਜਾਣਕਾਰੀ

ਤਲਆਵੀਵ:-ਇਹ ਡਰ ਵਧ ਰਿਹਾ ਹੈ ਕਿ ਵਲਾਦੀਮੀਰ ਪੁਤਿਨ ਇਜ਼ਰਾਈਲ ਦੇ ਊਰਜਾ ਗਰਿੱਡ ‘ਤੇ ਹਮਲੇ ਕਰਨ ਲਈ ਈਰਾਨ ਦੀ ਫੌਜੀ ਮੁਹਿੰਮ ਨੂੰ ਖੁਫੀਆ ਜਾਣਕਾਰੀ ਨਾਲ ਚੁੱਪ-ਚਾਪ ਸਹਾਇਤਾ ਕਰ ਰਿਹਾ ਹੈ। ਰਾਇਟਰਜ਼ ਦੁਆਰਾ ਸਮੀਖਿਆ ਕੀਤੇ ਗਏ ਯੂਕਰੇਨੀ ਖੁਫੀਆ ਮੁਲਾਂਕਣ ਦੇ ਅਨੁਸਾਰ, ਰੂਸੀ ਉਪਗ੍ਰਹਿਆਂ ਨੇ 21 ਤੋਂ 31 ਮਾਰਚ ਦੇ ਵਿਚਕਾਰ 11 ਦੇਸ਼ਾਂ ਵਿੱਚ ਘੱਟੋ-ਘੱਟ 24 ਨਿਗਰਾਨੀ ਮਿਸ਼ਨ ਕੀਤੇ। ਇਨ੍ਹਾਂ ਨੇ 46 ਸੰਵੇਦਨਸ਼ੀਲ ‘ਵਸਤੂਆਂ’ ਨੂੰ ਮੈਪ ਕੀਤਾ, ਜਿਸ ਵਿੱਚ ਅਮਰੀਕੀ ਫੌਜੀ ਅੱਡੇ, ਤੇਲ ਸਹੂਲਤਾਂ ਅਤੇ ਪ੍ਰਮੁੱਖ ਹਵਾਈ ਅੱਡੇ ਸ਼ਾਮਲ ਹਨ। ਸਰਵੇਖਣ ਦੇ ਕੁਝ ਦਿਨਾਂ ਦੇ ਅੰਦਰ, ਫੌਜੀ ਠਿਕਾਣਿਆਂ ਅਤੇ ਹੈੱਡਕੁਆਰਟਰਾਂ ਨੂੰ ਈਰਾਨੀ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ, ਮੁਲਾਂਕਣ ਵਿੱਚ ਕਿਹਾ ਗਿਆ ਹੈ, ਜਿਸ ਨੂੰ ਇਸ ਨੇ ਇੱਕ ਸਪੱਸ਼ਟ ਪੈਟਰਨ ਵਜੋਂ ਦਰਸਾਇਆ ਹੈ। ਮੁਲਾਂਕਣ ਵਿੱਚ ਇਹ ਵੀ ਪਾਇਆ ਗਿਆ ਕਿ ਰੂਸੀ ਅਤੇ ਈਰਾਨੀ ਹੈਕਰ ਸਾਈਬਰ ਡੋਮੇਨ ਵਿੱਚ ਸਹਿਯੋਗ ਕਰ ਰਹੇ ਸਨ। ਉਹ 28 ਫਰਵਰੀ ਨੂੰ ਇਜ਼ਰਾਈਲ ਅਤੇ ਅਮਰੀਕਾ ਤੋਂ ਬਾਅਦ ਰੂਸ ਨੇ ਈਰਾਨ ਨੂੰ ਗੁਪਤ ਸਹਾਇਤਾ ਕਿਵੇਂ ਪ੍ਰਦਾਨ ਕੀਤੀ ਹੈ, ਇਸ ਬਾਰੇ ਹੁਣ ਤੱਕ ਦੇ ਸਭ ਤੋਂ ਵਿਸਤ੍ਰਿਤ ਬਿਰਤਾਂਤ ਨੂੰ ਦਰਸਾਉਂਦੇ ਹਨ। ਪੱਛਮੀ ਅਤੇ ਖੇਤਰੀ ਸੁਰੱਖਿਆ ਸੂਤਰਾਂ ਨੇ ਰਾਇਟਰਜ਼ ਨੂੰ ਦੱਸਿਆ ਕਿ ਉਨ੍ਹਾਂ ਨੇ ਰੂਸੀ ਸੈਟੇਲਾਈਟ ਇਮੇਜਰੀ ਵਿੱਚ ਵਾਧਾ ਵੀ ਪਾਇਆ ਹੈ ਜੋ ਤਹਿਰਾਨ ਨਾਲ ਸਾਂਝੀ ਕੀਤੀ ਗਈ ਮੰਨੀ ਜਾਂਦੀ ਹੈ।











ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ *24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES